

Academy of the Punjab in North America: http://www.apnaorg.com



## ਨਾ ਕੋਈ ਹਿੰਦੂ, ਨਾ ਮੁਸਲਮਾਨ

ਪੱਛਮ 'ਚੋਂ ਸੂਰਜ ਚੜ੍ਹਿਆ -
ਰਹਸਮਈ ਬੇਈਂ ਵਿੱਚੋਂ -
ਇੱਕ ਸਦਾ ਉੱਠੀ -
'ਨਾ ਕੋਈ ਹਿੰਦੂ, ਨਾ ਮੁਸਲਮਾਨ।'
ਇਸ ਵਿੱਚ ਕਿੰਨਾ ਸੱਚ ਤੇ ਕਿੰਨੀ ਜਾਨ !
ਜੇ ਸਭ ਕੋਈ ਇਸਨੂੰ ਸਮਝੇ ਤੇ ਜਾਣੇ
ਤਾਂ ਧਰਤੀ ਤੋਂ ਸਭ ਦੁੱਖ ਦਰਦ ਮਿਟ ਜਾਣ
ਨਾ ਕਿਤੇ ਮਜ਼ਹਬੀ ਦੰਗੇ ਹੋਣ
ਨਾ ਨਿਰਦੋਸ਼ਾਂ ਦੀਆਂ ਜਾਨਾਂ ਜਾਣ
ਬਾਬੇ ਨਾਨਕ ਦੇ ਸੁਪਨੇ ਫਿਰ ਸੱਚ ਹੋ ਜਾਣ !


## ਕਵੀ ਵਾਰੇ

ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ - ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ ਅਤੇ ਲੇਖ ਵੀ ਲਿਖਦਾ ਹੈ।ਬਾਲ-ਸਾਹਿਤ ਵਿੱਚ ਵੀ ਵਿਸ਼ੇਸ਼ ਰੁਚੀ ਹੈ।ਇੱਕ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ' ਪ੍ਰਕਾਸ਼ਿਤ ਹੋ ਚੁੱਕੀ ਹੈ, ਜਿਹੜੀ ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ।ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ।



Academy of the Punjab in North America: http://www.apnaorg.com

# ਕੰਕਰ-ਪੱਥਰ



ਨਜ਼ਮਾਂ, ਗ਼ਜ਼ਲਾਂ ਤੇ ਗੀਤ

ਅਮਨਦੀਪ ਸਿੰਘ



ਅਮਨ ਪ੍ਰਕਾਸ਼ਨ



Academy of the Punjab in North America: http://www.apnaorg.com

# Kankar-Pathar

A Book of Poems
By Amandeep Singh
Illustrations by Amandeep Singh

© Amandeep Singh

**Aman Publications**

Amandeep Singh
Naura Distt. Shaheed Bhagat Singh Nagar
Punjab India
Boston USA

Email:amanysingh@gmail.com
https://www.facebook.com/PunjabiPoems



Academy of the Punjab in North America: http://www.apnaorg.com

# ਸਮਰਪਣ

ਹਮਨਵਾ
ਜਸਵਿੰਦਰ ਕੌਰ ਦੇ ਨਾਂ





Academy of the Punjab in North America: http://www.apnaorg.com



ਕਵਿਤਾ ਦਰਿਆ ਦਾ ਵਹਿਣ ਹੈ।
ਕਵਿਤਾ ਨੈਣਾਂ ਦੀ ਚਮਕਣ ਹੈ।
ਰਗਾਂ 'ਚ ਦੋੜਦੇ ਗਰਮ ਲਹੂ ਦੀ –
ਕਵਿਤਾ ਮਸਤੀ ਭਰੀ ਠਹਿਰਣ ਹੈ।



Academy of the Punjab in North America: http://www.apnaorg.com

# ਤਤਕਰਾ


| | |
|---|---|
| ਮੁੱਖਬੰਦ | 11 |
| ਸਵੈ ਦੀ ਤਲਾਸ਼ ਦਾ ਰਾਹੀ - ਅਮਨਦੀਪ | 12 |
| ਅਰਦਾਸ | 15 |
| ਮੈਂ ਕੌਣ ਹਾਂ? | 16 |
| ਤੂਫ਼ਾਨ | 17 |
| ਪੂਨਮ ਦੀ ਚਾਂਦਨੀ | 18 |
| ਆਦਿ | 19 |
| ਪਲ | 20 |
| ਗ਼ਜ਼ਲ - ਨਵੀਂ ਸਵੇਰ ਦਾ ਨਵਾਂ ਗੀਤ | 21 |
| ਸੋਚਾਂ | 22 |
| ਯਾਦਾਂ ਦਾ ਝੌਂਕਾ | 23 |
| ਇੱਕ ਵਿਸਮਾਦੀ ਕੰਪਨ ਦਾ ਸਫਰ | 24 |
| ਹੋਂਦ ਤੋਂ ਵਾਂਝਾ ਆਦਮੀ | 25 |
| ਗੀਤ - ਮੰਜ਼ਿਲ | 26 |
| ਇੱਕ ਯੁੱਗ | 27 |
| ਟੁੱਟਦੇ ਜੁੜਦੇ ਖਿਆਲ! | 28 |
| ਰੁਬਾਈ - ਰੁੱਤਾਂ | 29 |
| ਖ਼ਾਨਾਬਦੋਸ਼ | 30 |
| ਜ਼ਿੰਦਗੀ ਦਾ ਜੰਗਲ | 31 |
| ਹੇ ਸਾਗਰ! | 32 |
| ਸ਼ਹਿਰ - ਇੱਕ ਜੰਗਲ | 34 |
| ਅਲਬੇਲੇ | 35 |
| ਵਿਸ਼ਰਾਮ ਕਾਲ | 36 |
| ਨੇਕੀ ਦਾ ਫਰਿਸ਼ਤਾ | 37 |
| ਸਾਗਰ ਦਾ ਗੀਤ | 38 |
| ਕਨਸੋਅ | 39 |
| ਗੀਤ - ਦੁਲਹਨ | 40 |
| ਸੁਪਨੇ ਤੇ ਖ਼ਿਆਲ | 41 |
| ਭਟਕਿਆ ਰਾਹੀ ਤੇ ਕ੍ਰਾਂਤੀ | 42 |
| ਅਸੀਂ ਕਦੋਂ ਜਾਗਾਂਗੇ? | 43 |
| ਗ਼ਜ਼ਲ - ਧੂੰਆ | 44 |
| ਗ਼ਜ਼ਲ - ਪਰਛਾਂਵੇਂ | 45 |
| ਨਵਾਂ ਗੀਤ | 46 |




Academy of the Punjab in North America: http://www.apnaorg.com

ਆਸ ਦੀ ਲੋਅ 47
ਨਵੀਂ ਰੁਬਾਈ 48
ਵਿੱਛੜੇ ਪਲ 49
ਮੈਂ ਫਿਰ ਪਰਤਾਂਗਾ 50
ਸਾਗਰ 52
ਕਾਲ਼ਾ ਸੂਰਜ 54
ਅਜਨਬੀ ਰਾਹ ਤੇ ਪਰਛਾਵੇਂ 55
ਅੰਤਹੀਣ ਪਿਆਰ 57
ਰੰਗ 59
ਨੀਲੀਆਂ ਚੁਨਰੀਆਂ 60
ਟੱਪੇ 61
ਯਾਦਾਂ 62
ਯਾਦ ਪਰਤ 63
ਪਿਆਰ 64
ਤੇਰੀ ਯਾਦ 65
ਉਦਾਸੀ ਦੇ ਖੰਭ 66
ਅਧੂਰੀ ਨਜ਼ਮ 67
ਯਾਦ 68
ਸੁਰਾਹੀ 69
ਖ਼ਾਮੋਸ਼ ਰਾਤ 70
ਅੰਤਰਿਮ ਮੁਸਕਾਣ 71
ਗ਼ਜ਼ਲ - ਵਿਸਮਾਦ 72
ਅਬੋਲ ਬੋਲ 73
ਵਿਛੋੜੇ ਦੀ ਸ਼ਾਮ 75
ਵਰ੍ਹੇ ਦਾ ਦਰਿਆ 76
ਅਲਵਿਦਾ ਦੇ ਪਲ 77
ਜੀ ਹੈ ਕਰਦਾ! 78
ਮੁਕਤੀ 79
ਇੰਤਜ਼ਾਰ! 80
ਮਨ ਮੇਰੇ 82
ਤੜਪ 84
ਤੇਰੇ ਵਗੈਰ 85
ਆਸ! 86
ਜਜ਼ਬਾਤ 88
ਮਨ 89



Academy of the Punjab in North America: http://www.apnaorg.com

ਗ਼ਜ਼ਲ - ਅਹਿਦੇ-ਵਫ਼ਾ 91
ਗ਼ਜ਼ਲ - ਮਨ-ਪਾਗਲ 92
ਗ਼ਜ਼ਲ - ਅਹਿਸਾਸ 93
ਮੈਂ 94
ਗੀਤ - ਕਣਕਾਂ ਪੱਕੀਆਂ ਵੇ! 95
1984 ਸਿੱਖ ਕਤਲੇਅਤਾਮ ਨੂੰ ਯਾਦ ਕਰਕੇ 96
ਗ਼ਜ਼ਲ - ਫ਼ੁਰਕਤ ਦੀ ਸ਼ਬ 99
ਗ਼ਜ਼ਲ - ਅਜਨਬੀ ਆਸ 100
ਦਰਦ ਦੀ ਚਾਦਰ 101
ਮੈਂ ਬਹੁਤ ਸੂਖ਼ਮ ਹਾਂ 102
ਟੁੱਟਦੇ-ਬਿੱਖਰਦੇ ਸੁਪਨੇ 104
ਇੱਕ ਸੁਪਨਾ 105
ਅੱਧ ਕੱਚੀ ਤੜਪ 107
ਮੇਰੇ ਸੁਪਨੇ 110
ਪਤਝੜ! 112
ਗ਼ਜ਼ਲ -ਸਵਾਲ ਦਾ ਜਵਾਬ 115
ਜ਼ਿੰਦਗੀ ਦਾ ਸੱਚ 116
ਗ਼ਜ਼ਲ - ਅੱਜ ਦੀ ਰਾਤ 117
ਇੱਕ ਸੁਪਨੇ ਦੀ ਦਾਸਤਾਨ 118
ਗ਼ਜ਼ਲ - ਚਾਹ 119
ਅਣਬੁਝ ਪਿਆਸ 120
ਗ਼ਜ਼ਲ - ਮੁਹੱਬਤ 121
ਗ਼ਜ਼ਲ - ਇਹ ਬੇਚੈਨੀ, ਇਹ ਬੇਕਰਾਰੀ 122
ਗ਼ਜ਼ਲ - ਜ਼ਿੰਦਗੀ 123
ਦਰਦ 124
ਇੱਕ ਮੋੜ 125
ਕਸ਼ਮਕਸ਼ 126
ਗ਼ਜ਼ਲ - ਕਰਜ਼ 128
ਤਾਰੀਕ ਰਾਤ 129
ਕੰਕਰ-ਪੱਥਰ 130
ਟੁੱਟਦਾ ਹੋਇਆ ਸਿਤਾਰਾ 132
ਖ਼ਾਬ 133
ਗ਼ਜ਼ਲ - ਵਿਸਾਲੇ-ਯਾਰ 134
ਗ਼ਜ਼ਲ - ਚਾਂਦਨੀ ਰਾਤ 135
ਭਟਕਣ 136



Academy of the Punjab in North America: http://www.apnaorg.com

ਗੀਤ - ਐ ਬਹਾਰ ਦੇ ਬੱਦਲਾ! 137
ਗ਼ਜ਼ਲ - ਬੇਕਰਾਰ 138
ਗ਼ਜ਼ਲ - ਹਰ ਕਿਸੇ ਨੂੰ 139
ਤੂੰ 140
ਗ਼ਜ਼ਲ - ਕੀ ਮੁਦਾਵਾ ਕਰੀਏ? 142
ਜ਼ਿੰਦਗੀ ਦੀ ਦਾਸਤਾਨ 143
ਗ਼ਜ਼ਲ - ਮੰਜ਼ਿਲ 144
ਇੱਕ ਸੁਪਨਾ 145
ਤੇਰੇ ਵਾਸਤੇ 146
ਗ਼ਜ਼ਲ - ਅਜਬ ਹਾਲ 147
ਗ਼ਜ਼ਲ - ਜੀਅ ਨੂੰ ਕਿਵੇਂ ਬਹਿਲਾਈਏ? 148
ਗ਼ਜ਼ਲ - ਅੱਜ ਦੀ ਰਾਤ 149
ਤੇਰਾ ਖ਼ਤ 150
ਸੁਪਨਾ 151
ਅਜਨਬੀ ਮੋੜ 152
ਗ਼ਜ਼ਲ - ਜ਼ਿੰਦਗੀ ਦੇ ਸਫ਼ਰ ਤੇ 154
ਗ਼ਜ਼ਲ - ਤੇਰੇ ਮੇਰੇ ਵਿਚਕਾਰ 155
ਦੀਵਾਲੀ ਦੀ ਰਾਤ 156
ਗ਼ਜ਼ਲ - ਦਿਲ 157
ਗ਼ਜ਼ਲ - ਅੱਜ ਫਿਰ ਦਿਲ ਉਦਾਸ ਹੈ 158
ਗ਼ਜ਼ਲ - ਆਈਨਾ 159
ਗ਼ਜ਼ਲ - ਜ਼ਿੰਦਗੀ ਦੇ ਸੁੰਨੇ ਅਕਾਸ਼ ਵਿੱਚ 160
ਗ਼ਜ਼ਲ - ਦਿਲ ਨੂੰ 161
ਗੀਤ - ਇੱਕ ਵਾਰੀ ਆ ਜਾ ਵੇ! 162
ਤਲਾਸ਼ 163
ਗ਼ਜ਼ਲ - ਤੇਰੇ ਬਿਨਾਂ 164
ਅੰਤਿਮ ਵਿਦਾ 165
ਕਦੇ ਕਦੇ... 167
ਗ਼ਜ਼ਲ - ਇਹ ਰਸਮ ਇਹ ਰਿਵਾਜ਼ 169
ਗ਼ਜ਼ਲ - ਮਿੱਟੀ 170
ਗ਼ਜ਼ਲ - ਤੇਰੀ ਯਾਦ ਦੇ ਨਕਸ਼ 171
ਕੁਕਨੁਸ 172
ਇੱਕ ਪਲ 173
ਗ਼ਜ਼ਲ - ਸਾਇਲ 174
ਗ਼ਜ਼ਲ - ਤਾਂ ਕੀ ਹੋਇਆ! 175




Academy of the Punjab in North America: http://www.apnaorg.com

| | |
|---|---|
| ਤੇਰਾ ਪਿਆਰ | 176 |
| ਗ਼ਜ਼ਲ - ਜੀਵਨ | 177 |
| ਗ਼ਜ਼ਲ - ਦਿਲ! | 178 |
| ਨਵਾਂ ਮੋੜ | 179 |
| ਗ਼ਜ਼ਲ - ਅੱਜ ਦੀ ਰਾਤ | 180 |
| ਗੀਤ - ਕਿਸ ਤਰ੍ਹਾਂ ਦੇ ਦਿਨ | 181 |
| ਗ਼ਜ਼ਲ - ਇਹ ਪਿਆਰ ਦਾ ਸਾਗਰ ਹੈ | 182 |
| ਗ਼ਜ਼ਲ - ਬੇਵੱਸ ਹਾਂ ਬਹੁਤ ਅਸੀਂ | 183 |
| ਰੁਬਾਈ - ਨੈਣ | 184 |
| ਗ਼ਜ਼ਲ - ਅੱਜ ਕੱਲ੍ਹ | 185 |
| ਚਿਹਰੇ | 186 |
| ਗ਼ਜ਼ਲ - ਜ਼ਿੰਦਗੀ ਦਾ ਰਾਜ਼ | 187 |
| ਗ਼ਜ਼ਲ - ਪਿਆਰ ਦਾ ਗ਼ੁਲਜ਼ਾਰ | 188 |
| ਗ਼ਜ਼ਲ - ਖ਼ਲਿਸ਼ | 189 |
| ਗ਼ਜ਼ਲ - ਤੇਰੀ ਯਾਦ | 190 |
| ਨਵੇਂ ਵਰ੍ਹੇ ਨੂੰ ਸਮਰਪਿਤ! | 191 |
| ਨਵਾਂ ਵਰ੍ਹਾ | 192 |
| ਗ਼ਜ਼ਲ - ਆਸ ਦੀ ਜੋਤ | 193 |
| ਗ਼ਜ਼ਲ - ਕੀ ਕਰੀਏ? | 194 |
| ਗ਼ਜ਼ਲ - ਯਾਦਾਂ! | 195 |
| ਟੱਪੇ - ਸੋਹਣੀ-ਮਹੀਵਾਲ | 196 |
| ਗ਼ਜ਼ਲ - ਦਰਦ | 197 |
| ਗੀਤ - ਹਿਜਰ ਦੀਆਂ ਰਾਤਾਂ | 198 |
| ਰੁਬਾਈ - ਆਰਜ਼ੂ | 199 |
| ਦਰਦ ਦਾ ਗੀਤ | 200 |
| ਗ਼ਜ਼ਲ - ਖ਼ੁਦ | 201 |
| ਦਰਦ ਦੀ ਧੁੱਪ | 202 |
| ਗ਼ਜ਼ਲ - ਦਿਲ ਦਾ ਸ਼ਿਕਸਤਾ ਸਾਜ਼ | 203 |
| ਗ਼ਜ਼ਲ - ਭਟਕਦੇ ਹਾਂ ਫਿਰਦੇ | 204 |
| ਗ਼ਜ਼ਲ - ਹਿਜਾਬ | 205 |
| ਗ਼ਜ਼ਲ - ਅਜੀਬ ਰਾਤ | 206 |
| ਗ਼ਜ਼ਲ - ਤੇਰੀ ਮੁਸਕਰਾਹਟ | 207 |
| ਪਹਿਚਾਣ | 208 |
| ਗ਼ਜ਼ਲ - ਬਹੁਤ ਤਰਸਦੇ ਹਾਂ | 209 |
| ਗ਼ਜ਼ਲ - ਦਰਦ | 210 |




Academy of the Punjab in North America: http://www.apnaorg.com

| | |
|---|---|
| ਗ਼ਜ਼ਲ - ਖ਼ੁਮਾਰ | 211 |
| ਟੱਪੇ - ਕੋਇਲ ਬਾਗ਼ਾਂ ਵਿੱਚ ਗਾਉਂਦੀ ਏ! | 212 |
| ਗ਼ਜ਼ਲ - ਤੇਰੇ ਵਗੈਰ | 213 |
| ਗ਼ਜ਼ਲ - ਤਣਾਅ | 214 |
| ਹਿਜਰ ਦੇ ਪਲ | 215 |
| ਗ਼ਜ਼ਲ - ਤੂੰ | 216 |
| ਗੀਤ - ਪਰਦੇਸ | 217 |
| ਵਿਦੇਸ਼ | 218 |
| ਯੁੱਧ | 219 |
| ਅਮਨ ਦੇ ਬੱਦਲ | 220 |
| ਗ਼ਜ਼ਲ - ਇੱਕ ਹੋਰ ਹਰੀ ਕ੍ਰਾਂਤੀ | 221 |
| ਆਓ ਕੁੱਝ ਕਰੀਏ | 222 |
| ਬਾਰਾਂਮਾਹ | 223 |
| ਗ਼ਜ਼ਲ - ਜੀਵਨ ਦੀ ਇਹੀ ਮਰਿਆਦਾ | 225 |
| ਗ਼ਜ਼ਲ - ਇੱਕ ਸਿਤਾਰਾ | 226 |
| ਅਧੂਰਾ ਗੀਤ | 227 |
| ਦਰਦਨਾਮਾ | 228 |
| ਕਦੇ ਕਦੇ | 229 |
| ਤੁਰ ਜਾਣ ਵਾਲਿਆਂ ਦੇ ਨਾਂ | 230 |
| ਨਾ ਕੋਈ ਹਿੰਦੂ, ਨਾ ਮੁਸਲਮਾਨ | 231 |
| ਸ਼ਬਦਾਵਲੀ | 232 |



Academy of the Punjab in North America: http://www.apnaorg.com

# ਮੁੱਖਬੰਦ

ਜ਼ਿੰਦਗੀ ਦੇ ਰੁਝੇਵਿਆਂ 'ਚੋਂ ਕੁੱਝ ਪਲ ਉਧਾਰੇ ਮੰਗ ਕੇ, ਅੱਜ ਬਹੁਤ ਸਾਲ ਬਾਅਦ, ਇਹ ਨਜ਼ਮਾਂ, ਗ਼ਜ਼ਲਾਂ ਅਤੇ ਗੀਤਾਂ ਦੇ ਸੰਗ੍ਰਹਿ ਨੂੰ ਖ਼ੂਬਸੂਰਤ ਕੋਰੇ ਪੰਨਿਆਂ ਦਾ ਲਿਬਾਸ ਪਹਿਨਾਣ ਦਾ ਮੌਕਾ ਮਿਲ ਰਿਹਾ ਹੈ। ਵਕਤ ਵੀ ਬੜੀ ਅਜੀਬ ਜਿਹੀ ਚੀਜ਼ ਹੈ, ਪਤਾ ਹੀ ਨਹੀਂ ਲਗਦਾ ਕਿੰਝ ਬੀਤ ਜਾਂਦਾ ਹੈ ਅਤੇ ਤਰਸਣ ਵਾਸਤੇ ਆਪਣੇ ਪਿੱਛੇ ਯਾਦਾਂ ਦੇ ਚਿੰਨ੍ਹ ਛੱਡ ਜਾਂਦਾ ਹੈ! ਕਈ ਵਾਰ ਸੋਚਿਆ ਇਸ ਸੰਗ੍ਰਹਿ ਨੂੰ ਪ੍ਰਕਾਸ਼ਿਤ ਕਰਨ ਵਾਸਤੇ, ਪਰ ਵਕਤ ਹੀ ਨਹੀਂ ਮਿਲਿਆ। ਖ਼ੈਰ ਹੁਣ ਵਕਤ ਨੇ ਸਾਥ ਦਿੱਤਾ ਹੈ ਤਾਂ ਬਹੁਤ ਸਾਲ ਪਹਿਲਾਂ ਰਚੀਆਂ ਕਵਿਤਾਵਾਂ ਦੀ ਨਿਮਾਣੀ ਜਿਹੀ ਸੌਗਾਤ ਹਾਜ਼ਿਰ ਹੈ। ਉਮੀਦ ਹੈ ਆਪ ਨੂੰ ਪਸੰਦ ਆਏਗੀ।

ਮੈਂ ਡਾ. ਡੀ. ਪੀ. ਸਿੰਘ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਹਨਾਂ ਨੇ ਆਪਣੇ ਕੀਮਤੀ ਵਕਤ ਵਿੱਚੋਂ ਥੋੜਾ ਵਕਤ ਕੱਢਕੇ ਇਸ ਸੰਗ੍ਰਹਿ ਦੇ ਵਾਰੇ ਕੁੱਝ ਸ਼ਬਦ ਲਿਖੇ।

ਮੈਂ ਆਪਣੇ ਪਰਿਵਾਰ ਦਾ ਬਹੁਤ ਸ਼ੁਕਰਗੁਜ਼ਾਰ ਹਾਂ - ਖ਼ਾਸ ਤੌਰ ਤੇ ਆਪਣੇ ਮਾਤਾ ਜੀ ਸੁਰਜੀਤ ਕੌਰ ਅਤੇ ਪਿਤਾ ਜੀ ਸ. ਕਰਤਾਰ ਸਿੰਘ ਜੀ ਦਾ, ਜਿਹਨਾਂ ਨੇ ਹਮੇਸ਼ਾਂ ਲਿਖਣ ਵਾਸਤੇ ਉਤਸ਼ਾਹਿਤ ਕੀਤਾ!

– ਅਮਨਦੀਪ ਸਿੰਘ



Academy of the Punjab in North America: http://www.apnaorg.com

# ਸਵੈ ਦੀ ਤਲਾਸ਼ ਦਾ ਰਾਹੀ – ਅਮਨਦੀਪ

ਅਮਨਦੀਪ ਸਿੰਘ, ਕਾਫੀ ਅਰਸਾ ਪਹਿਲਾਂ, ਪੰਜਾਬੀ ਸਾਹਿਤ ਵਿਚ, 'ਟੁੱਟਦੇ ਤਾਰਿਆਂ ਦੀ ਦਾਸਤਾਨ' (ਵਿਗਿਆਨ ਗਲਪ ਕਹਾਣੀ ਸੰਗ੍ਰਹਿ) ਦੀ ਰਚਨਾ ਨਾਲ ਹਾਜ਼ਿਰ ਹੋਇਆ ਸੀ। ਫਿਰ ਕਿੱਤੇ ਦੀ ਭਾਲ ਵਿਚ ਅਮਰੀਕਾ ਦਾ ਵਾਸੀ ਹੋ ਗਿਆ। ਜ਼ਿੰਦਗੀ ਦੀ ਜੱਦੋ ਜਹਿਦ ਤੇ ਰੋਟੀ ਰੋਜ਼ੀ ਪ੍ਰਾਪਤੀ ਦੇ ਸੰਘਰਸ਼ ਵਿਚ ਅਜਿਹਾ ਰੁਝਿਆ ਕਿ ਸਾਹਿਤਕ ਸਿਰਜਨਾ ਕਾਰਜ ਸਮੇਂ ਦੀ ਧੁੰਦ ਹੇਠ ਸਿਮਟ ਕੇ ਰਹਿ ਗਏ। ਇਸ ਸੰਘਰਸ਼ ਵਿਚ ਕਈ ਸਾਲ ਹੀ ਨਹੀਂ ਸਗੋਂ ਕਈ ਦਹਾਕੇ ਹੀ ਗੁਜ਼ਰ ਗਏ ਪਰ ਅਮਨਦੀਪ ਦੀਆਂ ਸਾਹਿਤਕ ਰਚਨਾਵਾਂ ਦੇ ਚਮਨ ਵਿਚ ਬਹਾਰ ਨਾ ਪਰਤੀ। ਫਿਰ ਵੀ, ਇਸ ਲੰਬੇ ਅਰਸੇ ਦੌਰਾਨ ਉਸ ਦੇ ਦਿਲ ਦੇ ਕਿਸੇ ਕੋਨੇ ਵਿਚ ਇਕ ਚਸਕ ਜਿਹੀ ਪੈਂਦੀ ਰਹੀ, ਦਿਲ ਦੇ ਵਲਵਲਿਆਂ ਨੂੰ ਹਰਫਾਂ ਦਾ ਪਹਿਰਨ ਪਹਿਨਾਣ ਦੀ। ਭਾਵਨਾਵਾਂ ਦੇ ਉਤਾਰ-ਚੜ੍ਹਾਅ ਨੂੰ ਤੇ ਮਨੋ-ਤਰੰਗਾਂ ਨੂੰ ਸ਼ਬਦੀ ਪਹਿਚਾਣ ਬਖ਼ਸ਼ਣ ਦੀ। ਕਦੇ ਕਦੇ ਮਿਲੇ ਫੁਰਸਤ ਦੇ ਪਲਾਂ ਵਿਚ, ਪਿਛਲ ਝਾਤੀ ਮਾਰਦਿਆਂ, ਸੁੰਵੇਂ ਪੈਂਡਿਆਂ ਦੀ ਕਸਕ ਮਨ ਨੂੰ ਕੋਹਦੀ ਜਾਪਦੀ, ਵਿਛੜੇ ਸੱਜਣਾਂ ਦੀ ਯਾਦ ਦੀ ਚੀਸ, ਵਸਲ ਭਰਪੂਰ ਪਰ ਨਾ ਪਰਤ ਆਉਣ ਵਾਲੇ ਪਲਾਂ ਦਾ ਦਰਦ, ਉਸ ਨੂੰ ਉਦਾਸ ਕਰ ਜਾਂਦਾ । ਜ਼ਿੰਦਗੀ ਦੀ ਘਾਲਣਾ ਭਰੀ ਕਸ਼ਮਕਸ਼ ਤੇ ਬਿਖੜੇ ਹਾਲਾਤਾਂ ਨੇ ਉਸ ਨੂੰ ਨਵੇਂ ਤਜਰਬਿਆਂ ਨਾਲ ਸਰਸ਼ਾਰ ਕਰ ਦਿੱਤਾ। ਇਸੇ ਲੰਬੇ ਪੈਂਡੇ ਬਾਅਦ, ਉਹ ਵਾਪਸ ਆਪਣੇ ਮੂਲ ਵੱਲ ਪਰਤਦਾ ਹੋਇਆ, ਆਪਣੀ ਨਵੀਂ ਸਿਰਜਣਾ 'ਕੰਕਰ ਪੱਥਰ'(ਕਾਵਿ ਸੰਗ੍ਰਹਿ) ਲੈ ਕੇ ਪੰਜਾਬੀ ਪਾਠਕਾਂ ਦੇ ਹਦੂਰ ਹਾਜ਼ਿਰ ਹੋਇਆ ਹੈ।

ਅਮਨਦੀਪ ਦੇ ਇਸ ਸੰਗ੍ਰਹਿ ਵਿਚ ਸਮੁੱਚੇ ਸੰਸਾਰ ਅੰਦਰ ਅਮਨ ਦੀ ਸਕਾਰਤਾ ਲਈ ਚਾਹਤ ਭਰੀ ਅਰਜ਼ੋਈ ਵੀ ਹੈ ਤੇ ਅਜੋਕੇ ਘੜਮੱਸ ਵਾਲੇ ਜੀਵਨ ਵਿਚ ਸਵੈ ਨੂੰ ਤਲਾਸ਼ਣ ਦੀ ਤੜਪ ਵੀ।ਯਾਦਾਂ ਰੱਤੇ ਗੀਤ ਵੀ ਨੇ, ਤੇ ਬਿਰਹਾ ਦੇ ਦਰਦ ਨਾਲ ਲਬਰੇਜ਼ ਨਜ਼ਮਾਂ ਵੀ।ਜ਼ਿੰਦਗੀ ਦੀ ਜਦੋਜਹਿਦ ਦੀ ਲਗਾਤਾਰਤਾ ਵਿਚ ਆਸ਼ਾਵਾਦੀ ਨਜ਼ਰੀਏ ਦਾ ਪੱਲਾ ਨਾ ਛੱਡਣ ਦਾ ਸੁਨੇਹਾ ਬਿਆਨਦੀਆਂ ਗਜ਼ਲਾਂ ਵੀ ਨੇ ਤੇ ਕਲਪਨਾਵਾਂ ਦੇ ਸੰਸਾਰ ਅੰਦਰ ਚੰਨ ਨੂੰ ਫੜਣ ਦੀਆਂ ਬਾਤਾਂ ਵੀ। ਉਸ ਦੇ ਸ਼ਬਦਾਂ ਵਿਚ ਰਵਾਨਗੀ ਹੈ ਤੇ ਜਜ਼ਬਾਤਾਂ ਵਿਚ ਤਰਲਤਾ ਵੀ। 'ਵਿਸਮਾਦੀ ਕੰਪਨ ਦਾ ਸਫ਼ਰ' ਦੀ ਗੱਲ ਕਰਦਿਆਂ ਉਹ ਪਾਠਕ ਨੂੰ ਇਕ ਅਜਿਹੇ ਸੰਸਾਰ ਵਿਚ ਲਿਜਾ ਉਤਾਰਦਾ ਹੈ ਜਿਥੇ 'ਹਰੀਆਂ ਕਚੂਰ ਵਾਦੀਆਂ', 'ਵਗਦੀ ਆਬਸ਼ਾਰ', 'ਸਾਗਰ ਦੀ ਲਹਿਰ ਵਾਂਗ ਹਿਚਕੋਲੇ ਖਾਂਦੇ ਗੀਤ', 'ਸੋਚਾਂ ਦਾ ਕਾਰਵਾਂ', 'ਯਾਦਾਂ ਦਾ ਮਾਰੂਥਲ', 'ਗੀਤਾਂ ਦਾ ਨਖਲਿਸਤਾਨ','ਨੀਲਾ ਧੂੰਆਂ'ਤੇ 'ਗੁਲਾਬੀ ਚਾਂਦਨੀ' ਵਰਗੇ ਅਜਬ ਪਰ ਮਨਮੋਹਕ ਬਿੰਬ ਮਨ ਅੰਦਰ ਅਜੀਬ ਹਲਚਲ ਪੈਦਾ ਕਰਨ ਦੇ ਸਮਰਥ ਹੋ ਨਿਬੜਦੇ ਹਨ।



Academy of the Punjab in North America: http://www.apnaorg.com

ਅਮਨਦੀਪ ਨੇ ਆਪਣੇ ਗੀਤਾਂ ਵਿਚ 'ਸੁਰਮਈ ਰਾਤ', 'ਧਰਤੀ ਦਾ ਨਾਚ','ਸੂਰਜ ਦਾ ਘੁੰਮਰ', 'ਉਦਾਸੀ ਦੇ ਖੰਭ', ਹਿਜ਼ਰ ਪਿਆਲਾ' ਤੇ 'ਦਰਦ ਦੀ ਪੀਂਘ' ਵਰਗੇ ਬਿੰਬਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਨਿਬਾਹਿਆ ਹੈ।

ਉਸ ਦੇ ਅਨੇਕ ਗੀਤ ਸਵੈ ਦੀ ਤਲਾਸ਼ ਦਾ ਸਫ਼ਰ ਬਿਆਨਦੇ ਨੇ ਪਰ ਉਹ ਅਜਿਹੇ ਸਫ਼ਰ ਦੀਆਂ ਔਕੜਾਂ ਤੋਂ ਨਿਰਾਸ਼ ਨਾ ਹੋ ਲਗਾਤਾਰ ਅਗਾਂਹ ਵੱਧਦੇ ਜਾਣ ਦਾ ਆਸ਼ਾਵਾਦੀ ਸੁਨੇਹਾ ਪੇਸ਼ ਕਰਦਾ ਹੈ। ਅਮਨਦੀਪ ਦੀਆਂ ਰਚਨਾਵਾਂ ਵਿਚ ਅਜਿਹੀ ਬਿੰਬਾਵਲੀ ਦੀ ਭਰਮਾਰ ਹੈ ਜੋ ਸਥੂਲ ਤੋਂ ਅਸਥੂਲ ਤਕ ਅਤੇ ਸਾਕਾਰ ਤੋਂ ਮਨੋ-ਕਲਪਿਤ ਸੰਸਾਰ ਤਕ ਦਾ ਸਫ਼ਰ ਛਿਣ-ਭੰਗਰ ਅੰਦਰ ਹੀ ਤੈਅ ਕਰਾ ਜਾਣ ਦੇ ਸਮਰਥ ਹੈ। ਉਸ ਦੀ ਬਿੰਬਾਵਲੀ ਵਿਚ ਕੁਦਰਤੀ ਬਿੰਬਾਂ, ਸਾਗਰ, ਲਹਿਰਾਂ, ਮਾਰੂਥਲ, ਜੰਗਲ-ਬੇਲੇ, ਵਾਦੀਆਂ, ਬਹਾਰਾਂ, ਚਾਂਦਨੀ, ਆਲ੍ਹਣੇ, ਸਿਤਾਰਿਆਂ ਤੇ ਕਹਿਕਸ਼ਾਂ ਆਦਿ ਦੀ ਭਰਮਾਰ ਹੈ ਜੋ ਕਲਪਨਾਵਾਂ ਦੇ ਦੇਸ਼ ਵਿਚ ਵੀ ਨਿੱਜ ਨੂੰ ਜ਼ਾਹਿਰਾ ਸੰਸਾਰ ਨਾਲ ਜੋੜੀ ਰੱਖਦੀ ਹੈ। ਬੇਸ਼ਕ ਉਸ ਦੇ ਕੁਝ ਗੀਤ ਉਦਾਸੀ ਦੇ ਲੰਮਹਿਆਂ ਦੇ ਬਿਰਤਾਂਤ ਨਾਲ ਲਬਰੇਜ਼ ਹਨ, ਪਰ ਇਸ ਸੰਗ੍ਰਹਿ ਵਿਚ ਕੁਝ ਗੀਤ ਅਜਿਹੇ ਵੀ ਹਨ ਜੋ ਗ਼ਮ ਦੀਆਂ ਕਾਲੀਆਂ ਬੋਲੀਆਂ ਰਾਤਾਂ ਵਿਚ ਆਸ਼ਾ ਦੀ ਚਿਣਗ ਦਾ ਜ਼ਿਕਰ ਵੀ ਕਰਦੇ ਨੇ। ਉਸ ਦੀ ਇਸ ਉਦਾਸੀ ਦਾ ਸਬੱਬ ਨਿੱਜ ਦੇ ਸਰੋਕਾਰਾਂ ਨੂੰ ਪਾਰ ਕਰਦਾ ਹੋਇਆ ਸਮੂਹ ਸੰਸਾਰ ਦੇ ਸਰੋਕਾਰਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਣ ਦੀ ਗੱਲ ਵੀ ਕਰਦਾ ਹੈ। ਉਹ ਆਸ ਤੇ ਸੁਪਨਿਆਂ ਦੇ ਆਪਸੀ ਸੰਬੰਧਾਂ ਦੀ ਗੱਲ ਇੰਝ ਕਰਦਾ ਹੈ;

ਆਸ !
ਕਿੰਨ੍ਹਾਂ ਖੂਬਸੂਰਤ ਅਤੇ ਮਿੱਠਾ ਸ਼ਬਦ ਹੈ-
ਸੁਪਨਿਆਂ ਵਰਗਾ !
ਦਰਅਸਲ ਸੁਪਨੇ ਤੇ ਆਸ -
ਇਕ ਦੂਸਰੇ ਦੇ ਪੂਰਕ ਨੇ -
ਅਧੂਰੇ ਨੇ ਇੱਕ ਦੂਸਰੇ ਦੇ ਵਗੈਰ!
ਸੁਪਨੇ ਆਸ ਨੂੰ ਜਨਮ ਦਿੰਦੇ ਨੇ -
ਅਤੇ ਆਸ ਸੁਪਨਿਆਂ ਨੂੰ !
ਦੋਵੇਂ ਜ਼ਿੰਦਗੀ ਦੇ ਖੂਬਸੂਰਤ ਝਰੋਖਿਆਂ ਤੋਂ
ਪਰਦਾ ਨੇ ਉਠਾਉਂਦੇ !
ਅਤੇ ਨਵੀਆਂ ਯੋਜਨਾਵਾਂ ਦੀ
ਤਰਤੀਬ ਨੇ ਬਣਾਉਂਦੇ !



Academy of the Punjab in North America: http://www.apnaorg.com

ਵਿਦੇਸ਼ ਵੱਲ ਦੀ ਉਡਾਣ ਦਾ ਰੋਮਾਂਚ ਤੇ ਦੇਸ਼ ਤੋਂ ਜੁਦਾ ਹੋ ਜਾਣ ਦੀ ਕਸਕ ਦੇ ਦਵੰਧ ਵਿਚ ਫਸਿਆ ਮਨੁੱਖੀ ਮਨ, ਅਮਨਦੀਪ ਦੀ 'ਵਿਦੇਸ਼' ਨਾਮੀ ਨਜ਼ਮ ਦਾ ਵਿਸ਼ਾ ਹੈ ਜੋ ਵਿਦੇਸ਼ ਵਿਚ ਵਸ ਰਹੇ ਹਰ ਵਾਸ਼ਿੰਦੇ ਦਾ ਹਸ਼ਰ ਵੀ ਹੈ ਤੇ ਦੁਖਾਂਤ ਵੀ। 'ਯੁੱਧ' ਨਾਮੀ ਕਵਿਤਾ ਵਿਸ਼ਵਵਿਆਪੀ ਸਰੋਕਾਰਾਂ ਪ੍ਰਤੀ ਅਮਨਦੀਪ ਦੀ ਚੇਤੰਨਤਾ ਤੇ ਲਲਕਾਰ ਨੂੰ ਪ੍ਰਗਟਾਉਂਦੀ ਹੈ। ਉਸ ਦਾ ਆਸ਼ਾਵਾਦ 'ਅਮਨ ਦੇ ਬੱਦਲ' ਦੇ ਰੂਪ ਵਿਚ ਸਾਕਾਰ ਹੁੰਦਾ, ਸ਼ਬਦਾਂ ਦਾ ਰੂਪ ਇੰਝ ਧਾਰਦਾ ਹੈ;

ਜਦੋਂ ਸਾਰੇ ਫੌਜੀ ਆਪਣੇ ਘਰ ਵਾਪਿਸ ਆਉਣਗੇ<br>
ਉਦੋਂ ਸੰਸਾਰ 'ਤੇ ਅਮਨ ਦੇ ਬੱਦਲ ਛਾਉਣਗੇ।

ਅਜੋਕੇ ਸਮੇਂ ਦੀਆਂ ਸਮੱਸਿਆਵਾਂ ਤੇ ਚਿੰਤਾਵਾਂ ਖਾਸ ਕਰ ਵਾਤਾਵਰਣੀ ਪ੍ਰਦੂਸ਼ਣ ਦੀ ਘਾਤਕ ਮਾਰ, ਕੁਦਰਤੀ ਸੰਰਖਿਅਣ ਦੀ ਅਹਿਮ ਲੋੜ ਤੇ ਹਰੀ-ਕ੍ਰਾਂਤੀ ਦੇ ਮੁੜ ਆਗਾਜ਼ ਲਈ ਉਪਰਾਲਿਆਂ ਵਾਲਾ ਜੀਵਨ ਚਲਣ, ਜਿਹੇ ਵਿਸ਼ੈ ਵੀ ਉਸ ਦੀ ਕਲਮ ਤੋਂ ਅਣਛੂੰਹ ਨਹੀਂ ਰਹੇ ਹਨ। ਇੰਝ ਉਸ ਦੇ ਨਿੱਜ ਦਾ ਦਰਦ, ਇਸ ਕਾਵਿ ਸੰਗ੍ਰਹਿ ਅੰਦਰ, ਮੁਕਾਮ ਦਰ ਮੁਕਾਮ, ਤੈਅ ਕਰਦਾ ਹੋਇਆ ਮਾਨਵਤਾ ਦੇ ਦਰਦ ਦਾ ਰੂਪ ਵਟਾ ਲੈਂਦਾ ਹੈ। ਜੋ 'ਨਾ ਕੋਈ ਹਿੰਦੂ, ਨਾ ਮੁਸਲਮਾਨ' ਦੇ ਹੋਕੇ ਨਾਲ ਇਸ ਪੁਸਤਕ ਦੇ ਅੰਤਮ ਚਰਨ ਵਿਚ ਜ਼ਿਜਾ ਪਹੁੰਚਾਂਦਾ ਹੈ।

ਇਸ ਨਿਵੇਕਲੇ ਕਾਵਿ-ਸੰਗ੍ਰਹਿ ਦੀਆਂ ਰਚਨਾਵਾਂ ਦੇ ਵਿਸ਼ਿਆਂ ਦਾ ਫੈਲਾਅ ਨਿੱਜੀ ਪੀੜਾਂ ਦੇ ਪਾਰ ਮਾਨਵੀ ਦੁੱਖਾਂ-ਦਰਦਾਂ ਦੇ ਖਿਤਿਜ਼ ਤਕ ਫੈਲਿਆ ਹੋਇਆ ਹੈ। ਜੋ ਇਸ ਪੁਸਤਕ ਨੂੰ ਕਦਰਾਂ-ਕੀਮਤਾਂ ਪੱਖੋਂ ਸਥਾਈਪਣ ਬਖ਼ਸ਼ਦਾ ਹੈ। ਆਸ ਹੈ ਪੰਜਾਬੀ ਪਾਠਕ ਅਮਨਦੀਪ ਦੀ ਇਸ ਭੇਂਟ ਨੂੰ ਜੀ ਆਇਆਂ ਆਖਦੇ ਹੋਏ, ਇਸ ਦੀ ਵਿਸ਼ਾ-ਵਸਤੂ ਨਾਲ ਇਕਸੁਰਤਾ ਮਹਿਸੂਸ ਕਰਣਗੇ ਤੇ ਅਮਨ-ਭਰਪੂਰ ਨਵ-ਮਾਨਵੀ ਸਮਾਜ ਸਿਰਜਣ ਲਈ ਸੇਧ ਪ੍ਰਾਪਤ ਕਰ ਸਕਣਗੇ।


ਮਿਤੀ ਜੂਨ 16, 2014<br>
ਡਾ. ਡੀ. ਪੀ. ਸਿੰਘ<br>
ਮਿਸੀਸਾਗਾ ਵੈਲੀ ਬੁਲੇਵਰਡ,<br>
ਮਿਸਸਿਾਗਾ, ਓਂਟਾਰੀਓ, ਕੈਨੇਡਾ



Academy of the Punjab in North America: http://www.apnaorg.com

# ਅਰਦਾਸ

ਅਸੀਂ ਰੋਜ਼ ਅਰਦਾਸ ਹਾਂ ਕਰਦੇ!
ਸਰਬੱਤ ਦਾ ਭਲਾ ਹਾਂ ਮੰਗਦੇ!
ਪਰ ਕਦੇ ਇਹ ਨਹੀਂ ਸੋਚਿਆ
ਅਸੀਂ ਅਰਦਾਸ ਕਿਓ ਹਾਂ ਕਰਦੇ?
ਅੱਜ ਇੱਕ ਜੋਗੀ ਨੇ ਦੱਸਿਆ –
ਅਸੀਂ ਜਿਸ ਲਈ ਵੀ ਅਰਦਾਸ ਹਾਂ ਕਰਦੇ –
ਉਸ ਵੱਲ੍ਹ ਸਕਾਰਾਤਮਕ ਊਰਜਾ ਹਾਂ ਭੇਜਦੇ!
ਤੇ ਅਚਾਨਕ ਇੱਕਦਮ ਹੀ
ਮੈਨੂੰ ਅਰਦਾਸ ਦੇ ਮਾਯਨੇ ਸਮਝ ਆ ਗਏ!
ਮੇਰੀ ਵੀ ਇੱਕ ਅਰਦਾਸ ਹੈ ਕਿ
ਸੰਸਾਰ ਵਿੱਚ ਅਮਨ ਬਣਿਆ ਰਹੇ!






Academy of the Punjab in North America: http://www.apnaorg.com

# ਮੈਂ ਕੌਣ ਹਾਂ?

ਮੈਂ ਕੌਣ ਹਾਂ?
ਫ਼ਿਜ਼ਾ 'ਚ ਭਟਕਦੀ ਕਵਿਤਾ ਦੇ ਸੋਹਲ ਬੋਲ!
ਜਾਂ – ਤਲਵਾਰ 'ਤੇ ਉੱਕਰੀ ਗਰਮ ਇਬਾਰਤ!
ਸ਼ਾਇਦ ...
ਮੈਂ ਇਹ ਦੋਵੇਂ ਹੀ ਹਾਂ।
ਖ਼ਿਤਿਜ ਤੇ ਚਮਕਦਾ ਹੋਇਆ–
ਸਵੇਰ ਦਾ ਤਾਰਾ ...
ਜਾਂ ਸੁਲਗ ਰਹੀਆਂ ਲੱਕੜੀਆਂ 'ਚ
ਉੱਠ ਰਹੀ ਚਿੰਗਾਰੀ।
ਨੀਲੇ ਸਾਗਰਾਂ 'ਤੇ ਦੌੜਨ ਵਾਲੀਆਂ
ਲਹਿਰਾਂ ਦਾ ਝੁੰਡ –
ਜਾਂ ਮੱਦਭਰੇ ਨੈਣਾਂ 'ਚੋਂ
ਵਹਿੰਦੇ ਹੋਏ ਅੱਥਰੂ ...

ਸ਼ਾਇਦ ...
ਮੈਂ ਇਹ ਸਭ ਕੁੱਝ ਹਾਂ ਤੇ
ਸ਼ਾਇਦ ...
ਮੈਂ – ਮੈਂ ਹੀ ਨਹੀਂ ਹਾਂ!






Academy of the Punjab in North America: http://www.apnaorg.com

# ਤੂਫ਼ਾਨ

ਹਰ ਲਮਹੇ,
ਨੈਣਾਂ ਵਿੱਚ ਤੂਫ਼ਾਨ ਆਉਂਦਾ ਹੈ,
ਫਿਰ ਯਾਦਾਂ ਦਾ ਧੂੰਆਂ
ਪਲ ਪ੍ਰਤੀ ਪਲ ਉੱਚਾ ਉੱਠਦਾ ਹੋਇਆ –
ਯਾਦ ਦਿਲਾਉਂਦਾ ਹੈ,
ਉਸ ਖ਼ਾਨਾਬਦੋਸ਼ ਦੀ
ਜਿਹੜਾ ਤੂਫ਼ਾਨ ਵਾਂਗ ਆਇਆ
ਤੇ ਚਲਿਆ ਗਿਆ....






Academy of the Punjab in North America: http://www.apnaorg.com

# ਪੂਨਮ ਦੀ ਚਾਂਦਨੀ

ਹੇ! ਪੂਨਮ ਦੀ ਚਾਂਦਨੀ,
ਮੈਂ ਰਾਤ ਦਿਨ ਤੇਰਾ ਪਰਛਾਵਾਂ,
ਕਿਉਂ ਢੂੰਡਦਾ ਹਾਂ?
ਮੇਰੇ ਨੈਣਾਂ ਵਿੱਚ ਹਰ ਪਿਘਲਦੇ ਪਲ,
ਤੇਰਾ ਹੀ ਅਕਸ ਕਿਉਂ ਹੈ?
ਇਹ ਜਿਹੜਾ ਰਾਹੀ!
ਰਾਤ ਨੂੰ ਜਲਦਾ ਹੋਇਆ
ਕਿਸੇ ਅਣਜਾਣੇ ਪ੍ਰਦੇਸ਼ ਵੱਲ੍ਹ ਨੂੰ ਨਿੱਕਲ ਟੁਰਦਾ ਹੈ -
ਕੀ ਉਹ ਤੈਨੂੰ,
ਮੇਰੇ ਸਵਾਲਾਂ ਦਾ ਉੱਤਰ ਦੇਵੇਗਾ?
ਅੱਗ ਦੇ ਸਾਏ, ਮੈਨੂੰ ਰਾਤ ਦਿਨ ਤੜਪਾਂਦੇ ਹਨ -
ਪਰ ਮੈਂ ਤੜਪ ਕੇ
ਚਾਂਦਨੀ ਵਿੱਚ ਨਹੀਂ ਢਲ ਸਕਦਾ ...
ਹੇ! ਪੂਨਮ ਦੀ ਚਾਂਦਨੀ,
ਤੂੰ ਹੀ ਮੇਰੇ ਰੂਪ,
ਕਵਿਤਾ ਵਿੱਚ ਢਲ ਜਾ !





Academy of the Punjab in North America: http://www.apnaorg.com

# ਆਦਿ

ਹਰ ਤੜਪ ਦਾ ਇੱਕ ਲੰਬਾ ਸਫ਼ਰ
ਸ਼ਬਦਾਂ ਦਾ ਲਿਬਾਸ ਪਹਿਨ ਕੇ,
ਦਿਲ ਦੀਆਂ ਬਰੂਹਾਂ ਤੇ
ਜਦ ਜਾ ਦਸਤਕ ਦਿੰਦਾ ਹੈ!
ਓਸੇ ਵੇਲੇ ਸ਼ੁਰੂ ਹੁੰਦਾ ਹੈ -
ਨੀਲੇ ਪਾਣੀਆਂ ਦਾ ਗੂੰਜਦਾ ਰਾਗ!


ਸ਼ਬਦ ਇੱਕ ਨਿਸ਼ਚਲ ਪ੍ਰਵਾਹ ਵਿੱਚ ਵਹਿੰਦੇ,
ਹੌਲ਼ੀ ਹੌਲ਼ੀ ਹਿਚਕੋਲ਼ੇ ਖਾਂਦੇ
ਅੰਤ ਲਿਵ ਵਿੱਚ ਵਿਲੀਨ ਹੋ ਜਾਂਦੇ!
ਕਿਰਮਚੀ ਚੇਤਨਾ ਦਾ ਸਫ਼ਰ,
ਤੇ ਸ਼ਿਰਾਵਾਂ 'ਚ ਦੌੜਦੇ ਲਹੂ ਦੀ ਠੰਡਕ,
ਹੌਲ਼ੀ ਹੌਲ਼ੀ ਉਜਾਲਾ ਹੁੰਦਾ ਹੈ ਤਾਂ -
ਸੂਰਜ ਆਪਣਾ ਮੁੱਖ ਪ੍ਰਜਵਲਿਤ ਕਰਦਾ ਹੋਇਆ,
ਦਿਲਾਂ ਦੇ ਨੁੱਕਰੇ-ਇੱਕ ਮੌਨ ਗੀਤ ਦੇ ਸੁਰ ਛੇੜ ਦਿੰਦਾ ਹੈ!
ਖ਼ਿਆਲਾਂ ਦੇ ਖੰਭ ਫੜਫੜਾਉਦੇ ਹਨ ....
ਤੇ ਨੈਣਾਂ 'ਚ ਉੱਭਰ ਆਈ ਜੋਤੀ ਦੇ
ਚਿੰਤਨ ਨਾਲ਼ ਉਪਜੇ ਸ਼ਬਦ
ਲਿਵ ਦੇ ਅਖੰਡ ਪ੍ਰਵਾਹ ਨਾਲ਼ ਵਹਿੰਦੇ,
ਰੂਪ ਵਟਾਉਂਦੇ ਹਨ!
ਸਾਗਰ ਦੀਆਂ ਲਹਿਰਾਂ ਵਾਂਗ
ਵਲੇਟਣੀਆਂ ਖਾਂਦੇ,
ਕਵਿਤਾ ਦਾ ਲਿਬਾਸ ਪਾਂਉਦੇ ਹਨ!



Academy of the Punjab in North America: http://www.apnaorg.com

# ਪਲ

ਪਲ ਜਿਹੜੇ ਜਿਸਮਾਂ ਦੇ ਹਨੇਰਿਆਂ ਵਿੱਚ ਰਚ ਗਏ!
ਅਸੀਂ ਕਿਵੇਂ ਯਾਦ ਕਰੀਏ!
ਪਰਤ-ਦਰ-ਪਰਤ ਚਾਨਣ ਦੀ ਇੱਕ ਲਕੀਰ-
ਫੈਲਦੀ ਹੈ ਜਦ ਖ਼ਿਆਲਾਂ ਦੇ ਬੱਦਲਾਂ ਵਿੱਚ,
ਤਾਂ ਦਰਿਆਵਾਂ ਦੇ ਪਾਣੀਆਂ ਨੂੰ
ਸੰਗੀਤ ਭੁੱਲ ਜਾਂਦਾ ਹੈ!
ਸੂਹੇ ਮੁੱਖੜਿਆਂ ਤੇ ਫੈਲੀ ਪ੍ਰੇਸ਼ਾਨੀ ਦੀ
ਇੱਕ ਹਲਕੀ ਜਿਹੀ ਰੇਖਾ ਵੀ,
ਕਿੰਝ ਰੁਲਾ ਦਿੰਦੀ ਹੈ-
ਦਿਲਾਂ ਦੀਆਂ ਤਹਿਆਂ ਨੂੰ!
ਨੀਲਾ ਜਿਹਾ ਹਨੇਰਾ ਜਦ ਆਪਣੀ ਹਾਨਣ-
ਰੌਸ਼ਨੀ ਦੇ ਘਰ 'ਤੇ ਦਸਤਕ ਦਿੰਦਾ ਹੈ-
ਤਾਂ ਸਮੁੰਦਰ ਦਾ ਪਾਣੀ
ਉਛਾਲੇ ਖਾਣ ਲੱਗ ਜਾਂਦਾ ਹੈ!
ਆਓ! ਅਸੀਂ ਵੀ
ਇੱਕ ਘੜੀ-
ਸਿਰਫ ਇੱਕ ਘੜੀ,
ਨੀਲੇ ਹਨੇਰਿਆਂ ਵਿੱਚ ਗੁਆਚ ਕੇ-
ਝਲਝਲ ਕਰਦੀ ਜੀਵਨ - ਮੰਜ਼ਿਲ ਦੀ
ਰੌਸ਼ਨੀ ਨੂੰ ਮੁੱਠੀਆਂ ਵਿੱਚ
ਫੜਨ ਦਾ ਯਤਨ ਕਰੀਏ!





Academy of the Punjab in North America: http://www.apnaorg.com

# ਗ਼ਜ਼ਲ – ਨਵੀਂ ਸਵੇਰ ਦਾ ਨਵਾਂ ਗੀਤ

ਆਓ,ਨਵੀਂ ਸਵੇਰ ਦਾ ਨਵਾਂ ਗੀਤ ਗਾਈਏ!
ਚਾਨਣਾਂ ਨੂੰ ਵੰਡਣ ਦੀ ਨਵੀ ਰੀਤ ਪਾਈਏ!
ਕੀ ਹੋਇਆ ਜੇ ਮੰਜ਼ਿਲ ਅਸਾਡੀ ਦੂਰ ਹੈ,
ਆਓ, ਤਪਦੇ ਪੈਡਿਆਂ ਤੇ ਟੁਰਦੇ ਹੀ ਜਾਈਏ!
ਫੁੱਲਾਂ ਨਾਲ਼ ਲੱਦੀ ਦੇਵੀ ਦਾ ਖ਼ਿਆਲ ਛੱਡ ਕੇ –
ਆਓ, ਕੁੱਝ ਘੜੀ ਕੰਡਿਆਂ ਨਾਲ਼ ਵੀ ਪ੍ਰੀਤ ਪਾਈਏ!
ਮੌਤ ਨਾਲ਼ ਠਰ ਰਹੀ ਹੈ ਜ਼ਿੰਦਗੀ ਤਾਂ ਕੀ ਹੋਇਆ –
ਚਲੋ ਲਹਿਰਾਂ ਵਾਂਗ ਚੰਨ ਨੂੰ ਮਿਲਣ ਲਈ ਪੀਂਘ ਪਾਈਏ!






Academy of the Punjab in North America: http://www.apnaorg.com

# ਸੋਚਾਂ

ਸੋਚਾਂ ਦੇ ਦਰਿਆਵਾਂ ਵਿੱਚ,
ਜਦ ਮਨ ਤੈਰਦਾ ਹੈ,
ਤਾਂ ਬਾਦਬਾਨਾਂ ਦੇ ਫੜਫੜਾਉਣ ਦਾ ਸ਼ੋਰ -
ਕਿਵੇਂ ਫੈਲ ਜਾਂਦਾ ਹੈ,
ਜਿਸਮ ਦੇ ਰੇਸ਼ੇ ਰੇਸ਼ੇ ਵਿੱਚ ?
ਕਿਵੇਂ ਸੋਚਾਂ ਦੀਆਂ ਲਹਿਰਾਂ
ਮਨਾਂ ਦੇ ਸਮੁੰਦਰਾਂ ਵਿੱਚ,
ਅਨੰਤ ਪ੍ਰਵਾਹ ਨਾਲ਼ ਵਹਿਣ ਲਗਦੀਆਂ ਹਨ?
ਚਾਂਦੀ ਰੰਗੇ ਪਹਾੜਾਂ ਦੀਆਂ ਬੁਲੰਦੀਆਂ ਤੱਕ -
ਮਨ ਦੇ ਖ਼ਿਆਲ ਕਿਵੇਂ ਉਡਾਰੀਆਂ ਲਾਉਂਦੇ ਹਨ -
ਤੇ ਕਿਵੇਂ ਸੂਰਜਾਂ ਦੀਆਂ ਕਿਰਣਾਂ ਨੂੰ
ਜਾ ਗਲਵੱਕੜੀਆਂ ਪਾਉਂਦੇ ਹਨ!
ਜਦ ਦਿਨ ਢਲਣ ਤੋਂ ਬਾਅਦ -
ਰੌਸ਼ਨੀ ਸਮੁੰਦਰ ਤੋਂ ਆਖਰੀ ਵਿਦਾ ਲੈ ਕੇ
ਹਨੇਰੇ ਦੀ ਲੰਮੀ ਲੀਕ ਦੇ ਪੈਂਡੇ ਟੁਰਦੀ ਹੈ -
ਤਾਂ ਬਿਲਕੁਲ ਉਸੇ ਵੇਲ਼ੇ
ਇੱਕ ਕਿਰਮਚੀ ਖ਼ਿਆਲ
ਕਵਿਤਾ ਦੇ ਰੂਪ ਵਿੱਚ ਵਟਣ ਲਈ
ਛਟਪਟਾਉਣ ਲੱਗਦਾ ਹੈ .....






Academy of the Punjab in North America: http://www.apnaorg.com

# ਯਾਦਾਂ ਦਾ ਝੌਂਕਾ

ਇਹਨਾਂ ਗੁੰਮਨਾਮ ਵਾਦੀਆਂ ਵਿੱਚ,
ਮੈਨੂੰ ਅਵਾਜ਼ ਨਾ ਦੇਣਾ,
ਕਿ ਦਰਦ ਪਿਘਲ ਕੇ –
ਸੈਲਾਬ ਬਣ ਜਾਏਗਾ!
ਤਪਦੀਆਂ ਯਾਦਾਂ ਦਾ ਇੱਕ ਝੌਂਕਾ –
ਖ਼ਿਆਲਾਂ ਦੇ ਪਰ
ਫੜਫੜਾ ਜਾਏਗਾ!
ਅਸੀਂ ਹਨੇਰਿਆਂ 'ਚ
ਚੱਲਦੇ ਚੱਲਦੇ –
ਸਦਾ ਚਾਂਦਨੀ ਦੇ ਗੀਤ ਗਾਏ –
ਪਰ ਹੁਣ ਸਾਡਾ ਹਰ ਗੀਤ –
ਸੀਤ ਬਰਫ਼ ਬਣ ਕੇ,
ਨਦੀਆਂ ਦੇ ਵਹਿਣਾਂ 'ਚ ਵਹਿ ਜਾਏਗਾ!
ਤੇਰੇ ਨੈਣਾਂ 'ਚ ਡੁੱਬੀ
ਉਦਾਸੀ ਨੂੰ ਵੇਖ ਕੇ
ਆਪਣੀਆਂ ਹੀ ਸਤਰਾਂ 'ਚ ਗੁੰਮ ਹੋ ਜਾਏਗਾ!
ਕਿ ਪਰਵਾਜ਼ ਲਈ,
ਮੁੜ ਫਿਰ ਇਸ ਅੰਜੁਮਨ ਵਿੱਚ –
ਕਦੇ ਨਾ ਆਏਗਾ .....






Academy of the Punjab in North America: http://www.apnaorg.com

# ਇੱਕ ਵਿਸਮਾਦੀ ਕੰਪਨ ਦਾ ਸਫਰ

ਹਰੀਆਂ ਕਚੂਰ ਨਿਸ਼ਚਲ ਵਾਦੀਆਂ 'ਚ ਵਗਦੀ
ਆਬਸ਼ਾਰ ਦਾ ਜਦ ਦਿਲ ਧੜਕਦਾ ਹੈ,
ਤਾਂ ਹੇ ਰਾਹੀ! ਤੇਰੇ ਅਮਰ ਗੀਤ ਦੀ
ਪਹਿਲੀ ਸਤਰ ਦੀ ਗੂੰਜ
ਪਰਬਤਾਂ ਨਾਲ਼ ਟਕਰਾ ਕੇ –
ਮਨਾਂ ਦੀਆਂ ਨਾਜ਼ੁਕ ਤਹਿਆਂ ਵਿੱਚ ਸਮਾ ਜਾਂਦੀ ਹੈ!
ਗੀਤ, ਜਿਹੜੇ ਸਾਗਰ ਦੀ ਲਹਿਰ ਵਾਂਗ
ਹਿਚਕੋਲੇ ਖਾਦੇ ਹਨ!
ਤੇ ਸੂਰਜ ਦੀਆਂ ਅਗਨ-ਕਿਰਨਾਂ ਨੂੰ ਵੀ
ਕੰਬਣੀ ਛਿੜਾ ਜਾਂਦੇ ਹਨ!
ਕਲਪਨਾ ਦੀਆਂ ਲੰਬੀਆਂ ਸੋਚਾਂ ਦਾ ਕਾਰਵਾਂ
ਯਾਦਾਂ ਦੇ ਮਾਰੂਥਲ ਵਿੱਚ ਤੁਰਦਾ –
ਜਦ ਗੀਤਾਂ ਦੇ ਨਖ਼ਲਿਸਤਾਨ ਵਿੱਚ
ਕਦਮ ਧਰਦਾ ਹੈ,
ਤਾਂ ਸੂਹੇ ਮੁੱਖੜਿਆਂ ਤੇ ਫੈਲਿਆ
ਗ਼ਮ ਦਾ ਧੂੰਆਂ
ਕਿਸੇ ਦੂਰ ਦੇਸ ਵੱਲ੍ਹ ਜਾ ਟੁਰਦਾ ਹੈ!...
ਛੁਪ ਰਹੇ ਨੀਲੇ ਧੂੰਏ ਅਤੇ –
ਪਰਤ ਰਹੀ ਗੁਲਾਬੀ ਚਾਂਦਨੀ ਦੀ
ਸੁਰੀਲੀ ਫ਼ਿਜ਼ਾ ਵਿੱਚ –
ਤਦੇ ਸ਼ੁਰੂ ਹੁੰਦਾ ਹੈ:
ਤਵਾਰੀਖ਼ ਦੇ ਨਾਜ਼ੁਕ ਸਰੀਰ ਵਿੱਚ
ਨਾ ਖਤਮ ਹੋਣ ਵਾਲੇ
ਇੱਕ ਵਿਸਮਾਦੀ ਕੰਪਨ ਦਾ ਸਫ਼ਰ ...






Academy of the Punjab in North America: http://www.apnaorg.com

# ਹੋਂਦ ਤੋਂ ਵਾਂਝਾ ਆਦਮੀ

ਇਹ ਆਦਮੀ ਧੁਆਂਖੀਆਂ
ਰਾਹਾਂ ਤੇ ਵਿਚਰਨ ਲੱਗਾ!
ਆਪਣੀ ਹੋਂਦ ਨੂੰ ਤਪਦੀਆਂ
ਚੀਖ਼ਾਂ ਵਿੱਚ ਖਤਮ ਕਰਨ ਲੱਗਾ!
ਜਦ ਤੱਕ ਇਸਦੀ ਹੋਂਦ ਸੀ
ਤੱਦ ਤੱਕ ਸ਼ਕਤੀ ਸੀ
ਜਦ ਹੋਂਦ ਮਿਟ ਗਈ ਤਾਂ
ਇਹ ਪਤਝੜ ਤੋਂ ਪਹਿਲਾਂ ਹੀ ਝੜਨ ਲੱਗਾ!
ਜ਼ਿੰਦਗੀ ਦਾ ਅਧਾਰ
ਮਾਰੂਥਲ ਵਿੱਚ ਗੁੰਮ ਹੋ ਗਿਆ ਹੈ -
ਹੁਣ ਆਦਮੀ ਚਾਨਣੇ
ਤੋਂ ਵੀ ਡਰਨ ਲੱਗਾ!
ਹਰਫ਼ ਕੰਢਿਆਂ 'ਤੇ ਖੜੇ
ਜਲ਼ ਰਹੇ ਹਨ,
ਸ਼ਕਤੀ ਦਾ ਸੂਰਜ
ਹੁਣ ਬ੍ਰਹਿਮੰਡ ਵਿੱਚ ਭਟਕਣ ਲੱਗਾ!
ਆਪਣੀ ਹੋਂਦ ਤੋਂ ਵਾਂਝਾ ਆਦਮੀ
ਹੁਣ ਜਦ ਤੁਰਨ ਲੱਗਿਆ
ਤਾਂ ਪੈਂਡਿਆਂ 'ਤੇ
ਦੀਵਾਰਾਂ ਦਾ ਅਕਸ ਉਸਰਨ ਲੱਗਾ!





Academy of the Punjab in North America: http://www.apnaorg.com

# ਗੀਤ – ਮੰਜ਼ਿਲ

ਘਣਘੋਰ ਘਟਾਵਾਂ
ਤਪਦੇ ਪੈਂਡੇ ਜੀਵਨ ਮਾਰੂਥਲ ਬਣ ਜਾਵੇ!
ਤਾਂ ਵੀ ਅਸੀਂ ਨਹੀਂ ਰੁਕਣਾ!
ਮੰਜ਼ਿਲ ਭਾਵੇਂ ਦੂਰ ਹੋ ਜਾਵੇ
ਤਾਂ ਵੀ ਅਸੀਂ ਨਹੀਂ ਰੁਕਣਾ!
ਹਿਰਦੇ ਦੀ ਇੱਕ ਚੀਸ ਪਿਆਸੀ!
ਦੂਰ ਹੈ ਮੰਜ਼ਿਲ ਪਰ ਨਹੀਂ ਉਦਾਸੀ!
ਜਿਸਮ ਭਾਵੇਂ ਤੰਦੂਰ ਹੋ ਜਾਵੇ
ਤਾਂ ਵੀ ਅਸੀਂ ਨਹੀਂ ਰੁਕਣਾ!
ਜ਼ੁਲਮਾਂ ਨੇ ਲੱਖ ਨੇਰ੍ਹ ਕਮਾਇਆ।
ਡਾਚੀ ਨੂੰ ਥਲ਼ ਵਿੱਚ ਰੁਲਾਇਆ।
ਪੈਰਾਂ ਵਿੱਚ ਕੰਡਾ ਪੁੜ ਜਾਵੇ
ਤਾਂ ਵੀ ਅਸੀਂ ਨਹੀਂ ਰੁਕਣਾ!
ਆਸ ਦੀ ਚੁਨਰੀ ਮੁੱਖ ਤੇ ਫੈਲੀ।
ਨੈਣਾਂ ਵਿੱਚ ਏ ਤੜਪ ਦੀ ਲਾਲੀ।
ਭਾਵੇਂ ਪਰਬਤ ਰੋਕਾਂ ਪਾਵੇ
ਤਾਂ ਵੀ ਅਸੀਂ ਨਹੀਂ ਰੁਕਣਾ!






Academy of the Punjab in North America: http://www.apnaorg.com

# ਇੱਕ ਯੁੱਗ

ਖਤਮ ਹੋਇਆ ਇੱਕ ਯੁੱਗ
ਕਈ ਕੌੜਿਆਂ - ਫਿੱਕਿਆਂ
ਵਰ੍ਹਿਆਂ ਨੂੰ ਸਮੇਟਦਾ ਰਿਹਾ....
ਤੇ ਅਤੀਤ ਦੇ ਹਨੇਰਿਆਂ ਵਿੱਚ
ਦੂਰ ਕਿਤੇ ਗੁੰਮ ਹੋ ਗਿਆ -
ਕਿਸੇ ਖ਼ਾਨਾਬਦੋਸ਼ ਦੇ ਵਾਂਗ.....
ਖ਼ਾਨਾਬਦੋਸ਼ ਤਾਂ
ਕਦੇ ਕਦੇ ਮੁੜ ਆਉਂਦੇ ਹਨ,
ਪਰ ਬੀਤ ਗਿਆ ਇੱਕ ਯੁੱਗ
ਮੁੜ ਨਹੀਂ ਆਉਂਦਾ -
ਤੇ ਛੱਡ ਜਾਂਦਾ ਹੈ ਹਿੱਕੇ,
ਸੁਲਗਦੀਆਂ ਯਾਦਾਂ ਦਾ
ਬੇਪਰਵਾਹ ਧੂੰਆਂ!






Academy of the Punjab in North America: http://www.apnaorg.com

# ਟੁੱਟਦੇ ਜੁੜਦੇ ਖਿਆਲ!

ਕਤਰਾ ਕਤਰਾ ਬਣ –
ਦਰਿਆ ਵਿੱਚ ਮਿਲ਼ ਜਾਣਾ!
ਘੁੰਮਣਾ ਸੋਚਾਂ ਦੀ ਘੁੰਮਣਘੇਰੀ ਵਿੱਚ –
ਤੇ ਯਾਦਾਂ ਦੇ ਸੈਲਾਬ ਵਿੱਚ ਉਮੜਣਾ!

ਹਟਾ ਦੇਣੇ ਹਿੰਮਤਾਂ ਨਾਲ਼
ਰਾਹਾਂ 'ਚੋਂ ਪਰਬਤ –
ਤੇ ਸੂਰਜ ਬਣ ਜ਼ਿੰਦਗੀ ਦੇ
ਅਕਾਸ਼ ਤੇ ਚਮਕਣਾ!

ਟੁੱਟ ਜਾਵੇ ਜੇ ਮਨ ਦੀ ਸੋਚ –
ਤਾਂ ਅਗਨੀ ਪ੍ਰੀਖਿਆ ਲਈ ਤਿਆਰ ਹੋ ਜਾਣਾ!






Academy of the Punjab in North America: http://www.apnaorg.com

# ਰੁਬਾਈ - ਰੁੱਤਾਂ

ਰੁੱਤਾਂ ਕੀਕਰ ਘੁੰਗਰੂ ਪਾ ਕੇ,
ਸਾਡੇ ਵਿਹੜੇ ਆਈਆਂ!
ਬਉਰੇ ਸਾਗਰ ਜਾਮ ਸੁਰਾਹੀ,
ਅਸਾਂ ਨੂੰ ਮਸਤੀਆਂ ਛਾਈਆਂ!
ਸਰਘੀ ਸਾਡੇ ਨੈਣੀਂ ਉੱਤਰੀ -
ਕਵਿਤਾ ਫੁੱਟ ਫੁੱਟ ਆਵੇ -
ਜਿੰਦ ਰਾਣੀ ਦਾ ਘੁੰਡ ਚੁੱਕਣ ਲਈ,
ਬਾਹਾਂ ਨੇ ਅਲਸਾਈਆਂ!





Academy of the Punjab in North America: http://www.apnaorg.com

# ਖ਼ਾਨਾਬਦੋਸ਼

ਮੈਂ ਸਾਗਰ ਦੇ ਵਿੱਚ ਭਟਕੀ ਹੋਈ ਸੀਤ ਲਹਿਰ ਹਾਂ...
ਭਖਦੇ ਬਾਰੂਦ ਦਾ ਅੰਸ਼ ਕਿਵੇਂ ਬਣ ਸਕਦਾ ਹਾਂ?
ਜਦ ਕਦੇ ਵੀ ਬਿਜਲੀਆਂ ਵਾਂਗ ਚਮਕਣ ਦੀ ਗੱਲ ਕੀਤੀ-
ਤਾਂ ਲਹਿਰਾਂ ਜਵ੍ਹਾਰਭਾਟੇ ਨਾਲ਼ ਦੱਬਦੀਆਂ ਚਲੀਆਂ ਗਈਆਂ...
ਖ਼ਿਆਲ ਵਾਯੂਮੰਡਲ ਦੇ ਵਿੱਚ ਭਾਫ਼ ਬਣਕੇ ਬਿੱਖਰ ਜਾਂਦੇ ਹਨ,
ਤੇ ਜ਼ਿੰਦਗੀ ਦਾ ਇੱਕ ਹੋਰ ਗੀਤ ਉਡਾਰੀ ਮਾਰ ਜਾਂਦਾ ਹੈ।
ਜਦ ਕਦੇ ਵੀ ਮੈਂ ਨੈਣਾਂ ਦੀ ਚਮਕਦੀ ਹੋਈ ਰੰਗਤ ਦੀ ਗੱਲ ਕੀਤੀ-
ਅੱਖਾਂ ਨੀਰਸਤਾ ਦੇ ਵਿਸ਼ਾਲ ਸਾਗਰ 'ਚ ਡੁੱਬਦੀਆਂ ਚਲੀਆਂ ਗਈਆਂ...
ਮੈਂ ਖ਼ਾਨਾਬਦੋਸ਼ ਹੀ ਸਹੀ,
ਪਰ ਮੈਨੂੰ ਆਪਣੇ ਮਨ ਵਿੱਚ ਦੋ ਘੜੀ ਲਈ ਤਾਂ ਵਸਾ ਲਵੋ...
ਮਸਤਕ 'ਚ ਫੈਲੀਆਂ ਰੇਖਾਵਾਂ ਦੀ ਕਸਮ
ਮੈਂ ਜਲਾਵਤਨ ਨਹੀਂ ਹੋਵਾਂਗਾ।
ਹਰ ਮਸੀਹਾ ਆਪਣੇ ਪਿੰਡੇ ਤੇ ਪਈਆਂ
ਲਾਸ਼ਾਂ ਦੀ ਪੀੜ ਨਹੀਂ ਮੰਨਦਾ-
ਮੈਂ ਵੀ ਪ੍ਰਮਾਣੂ ਵਾਂਗ ਸੂਖ਼ਮ ਬਣਕੇ
ਮੁੜ ਮਘਦੀ ਭਾਫ਼ ਬਣਨ ਦਾ ਨਾਂ ਨਹੀਂ ਲਵਾਂਗਾ।
ਥਲਾਂ 'ਚ ਤਪਦੇ ਹੁਸਨ
ਅਤੇ ਦਿਲ ਦੇ ਡੂੰਘੇ ਦਰਿਆਵਾਂ ਦੀ ਕਸਮ
ਮੈਂ ਆਪਣਾ ਹਰ ਹੰਝੂ
ਅੱਖਾਂ ਦੇ ਵਿੱਚ ਹੀ ਸੁਕਾ ਲਵਾਂਗਾ।
ਅੱਗ ਦੇ ਵਿੱਚ ਕਤਰਾ ਕਤਰਾ ਜਲ ਕੇ ਵੀ
ਜ਼ਿੰਦਗੀ ਦੀ ਬਲਦੀ ਹੋਈ ਅਗਨਕਥਾ ਦੇ ਸੰਗ੍ਰਾਮ ਦੇ
ਤਪਦੇ ਹੋਏ ਕਿਸੇ ਵੀ ਅਧਿਆਇ ਨੂੰ ਨਹੀਂ ਸੁਣਾਵਾਂਗਾ।
ਮੈਂ ਤੂਫ਼ਾਨੀ ਵਾਯੂਮੰਡਲ ਵਿੱਚ ਫੈਲੀਆਂ ਗੈਸਾਂ ਦਾ
ਅਤਿ ਸੂਖ਼ਮ ਕਣ ਹਾਂ।
ਜਦ ਕਦੇ ਵੀ ਸਥੂਲ ਬਣਨ ਦੀ ਗੱਲ ਕਰਾਂਗਾ
ਉਦੋਂ ਹੀ ਹੰਝੂਆਂ ਵਿੱਚ
ਆਪਣੇ ਆਪ ਨੂੰ ਡੁਬੋ ਲਵਾਂਗਾ।






Academy of the Punjab in North America: http://www.apnaorg.com

# ਜ਼ਿੰਦਗੀ ਦਾ ਜੰਗਲ

ਹੁਣ ਮੈਥੋਂ ਕਵਿਤਾ ਨਹੀਂ ਲਿਖ ਹੁੰਦੀ –
ਭੁੱਲ ਗਏ ਨੇ ਸਾਰੇ ਗਰਮ ਸ਼ਬਦ ਮੈਨੂੰ –
ਯਾਦ ਨਹੀਂ ਕੁੱਝ ਵੀ ਆ ਰਿਹਾ ....
ਸਿਰਫ਼ ਜੇ ਕੁੱਝ ਯਾਦ ਹੈ ਤਾਂ
ਸੁਲਗਦੀਆਂ ਗਿੱਲੀਆਂ ਲੱਕੜਾਂ ਦਾ ਢੇਰ –
ਜਿਸਦੇ ਵਿੱਚ ਅਜੇ ਇੱਕ ਚਿੰਗਾਰੀ ਹੈ ਭੜਕਣੀ .... !
ਫੂਕਾਂ ਮਾਰ ਮਾਰ ਅੱਖਾਂ ਗੁਲਾਬੀ ਹੋ ਗਈਆਂ ਨੇ –
ਸਿਰਫ਼ ਉੱਠਦਾ ਏ ਧੂੰਆਂ ਜਿਹਾ –
ਤੇ ਫੈਲ ਜਾਂਦਾ ਹੈ ਜਿਸਮ ਦੇ ਰੋਮ ਰੋਮ ਵਿੱਚ !
ਤੜਪ ਉੱਡਦਾ ਏ ਦਰਦ ਨਾਲ਼ ਬਦਨ –
ਇੱਕ ਉਮਰ ਹੋ ਗਈ ਹੈ ਮੈਨੂੰ ਬੈਠਿਆਂ
ਜ਼ਿੰਦਗੀਨੁਮਾ ਇਸ ਜੰਗਲ ਦੇ ਕਿਨਾਰੇ ਤੇ!
ਪਰ ਅਜੇ ਤੱਕ ਨਹੀਂ ਦਰਖ਼ਤਾਂ ਦੇ ਝੁੰਡ ਦੇ
ਉਸ ਪਾਰ ਵੇਖਣ ਦਾ ਹੌਸਲਾ ਨਹੀਂ ਪੈਂਦਾ –
ਜੰਗਲ ਸ਼ਹਿਰਾਂ 'ਚ ਰੂਪਾਂਤਰਿਤ ਹੋ ਰਹੇ ਹਨ –
ਪਰ ਮੇਰੀ ਜ਼ਿੰਦਗੀ ਦੇ ਜੰਗਲ 'ਚ ਉੱਗਿਆ....
ਇੱਕ ਵੀ ਦਰਖਤ ਨਹੀਂ ਵੱਢਿਆ ਕਿਸੇ ਨੇ!
ਅਤੇ ਮੈਂ ਹੁਣ ਜਲਾ ਦੇਣਾ ਚਾਹੁੰਦਾ ਹਾਂ ਉਸ ਜੰਗਲ ਨੂੰ –
ਅਤੇ ਹੁਣ ਮੈਂ ਗਿੱਲੀਆਂ ਲੱਕੜਾਂ ਦੇ ਢੇਰ ਵਿੱਚ
ਸਿਰਫ਼ ਇੱਕ ਚਿੰਗਾਰੀ ਦੇ
ਉਤਪੰਨ ਹੋਣ ਦੀ ਉਡੀਕ ਕਰ ਰਿਹਾ ਹਾਂ!





Academy of the Punjab in North America: http://www.apnaorg.com

# ਹੇ ਸਾਗਰ!

ਹੇ ਸਾਗਰ! ਅਸੀਂ ਤੇਰੀਆਂ
ਬਲ ਖਾਂਦੀਆਂ ਲਹਿਰਾਂ ਨੂੰ –
ਆਪਣੀਆਂ ਭੁਜਾਵਾਂ ਵਿੱਚ
ਸਮਾਉਣਾ ਸੋਚਿਆ ਸੀ!
ਪਰ ਸਹਿਮੇ ਮਹੌਲ ਨੇ
ਸਾਥੋਂ ਸਾਰੇ ਉਤੇਜਨਾ-ਮਈ ਗੀਤ ਖੋਹ ਲਏ!
ਹੁਣ ਅਸੀਂ ਗੀਤਾਂ ਬਿਨਾਂ ਕਿਵੇਂ –
ਮੌਤ ਦੇ ਜ਼ਹਿਰੀਲੇ ਧੂੰਏਂ ਵਿੱਚ ਕੁੱਦ ਪਈਏ!
ਕਿ ਸਾਡੇ ਜਿਸਮਾਂ ਦੇ ਅਸਮਾਨ ਵਿੱਚ
ਇੱਕ ਅਣਜਾਣੇ ਖੌਫ਼ ਦੇ ਬੱਦਲ ਘਰ ਕਰ ਗਏ ਹਨ!
ਨਗਰਾਂ ਵਿੱਚ ਅੱਧੀ ਰਾਤ ਤੱਕ ਬਲਦੀਆਂ ਰੌਸ਼ਨੀਆਂ-
ਹੁਣ ਸਹਿਮੇ ਬੱਚੇ ਵਾਂਗ
ਛੇਤੀ ਹੀ ਸੌਂ ਜਾਂਦੀਆਂ ਨੇ –
ਹੁਣ ਤਾਂ ਚਿੱਟੇ ਲਬਾਦਿਆਂ ਤੇ ਫੈਲੀਆਂ
ਖ਼ੂਨ ਦੀਆਂ ਹਲਕੀਆਂ ਜਿਹੀਆਂ ਰੇਖਾਵਾਂ ਵੀ
ਸ਼ਹਿਰ ਵਿੱਚ ਹੋਏ ਦੰਗਿਆਂ ਦਾ
ਇਤਿਹਾਸ ਲਿਖ ਦਿੰਦੀਆਂ ਹਨ!
ਫੈਲ ਰਹੀ ਹੈ ...
ਸੱਭਿਅਤਾ ਨੁਮਾ ਜਿਸਮ ਵਿੱਚ ਨਫ਼ਰਤ ਦੀ ਸਲੇਟੀ ਰੰਗ ਦੀ ਪੀਕ!
ਹੁਣ ਅਸੀਂ ਕਿੰਝ ਉਸ 'ਤੇ
ਅਮ੍ਰਿਤ ਜਲ ਛਿੜਕੀਏ –
ਕਿ ਹੁਣ ਤਾਂ ਇਨਸਾਨ ਦਾ ਤਆਰੁਫ਼ ਵੀ
ਖਲਾਅ ਵਿੱਚ ਭਟਕ ਰਿਹਾ ਹੈ ...
ਅਸੀਂ ਪਰਬਤਾਂ ਦੀਆਂ ਵਾਦੀਆਂ ਤੇ
ਸ਼ਾਂਤ ਨਿਸ਼ਚਲ ਮੈਦਾਨਾਂ ਵਿੱਚ ਗਾਏ ਜਾਣ ਵਾਲੇ
ਸਾਰੇ ਪ੍ਰੇਮ ਗੀਤ ਭੁੱਲ ਚੁੱਕੇ ਹਾਂ!

****



Academy of the Punjab in North America: http://www.apnaorg.com

ਹੇ ਸਾਗਰ! ਹੁਣ ਅਸੀਂ ਆਪਣੇ ਕੰਠ ਵਿੱਚ
ਤੇਰੀਆਂ ਲਹਿਰਾਂ ਦਾ ਮਿੱਠਾ ਸ਼ੋਰ ਕਿਵੇਂ ਸਮੋ ਲਈਏ –
ਕਿ ਜ਼ਖ਼ਮੀ ਅਖ਼ਬਾਰ 'ਤੇ ਛਪਿਆ
ਤੇਰਾ ਅੱਖਰ ਸ਼ਹਿਰ ਦੇ
ਕਿਸੇ ਕੂੜੇਦਾਨ ਵਿੱਚ ਸੜ ਰਿਹਾ ਹੈ!
ਹੁਣ ਅਸੀਂ ਕਿਵੇਂ ਆਪਣੀਆਂ
ਨਮ ਅੱਖਾਂ ਵਿੱਚੋਂ ਡਿਗਦਾ ਖਾਰਾ ਪਾਣੀ
ਰੋਕ ਸਕਦੇ ਹਾਂ?
ਕਿ ਸਾਡੀਆਂ ਸਭ ਦੁਆਵਾਂ
ਮਿੱਟੀ ਵਿੱਚ ਮਿਲ ਚੁੱਕੀਆਂ ਨੇ ...
ਬੱਸ ਕੁਝ ਬਾਕੀ ਹੈ ਤਾਂ
ਹਲਕੀਆਂ ਜਿਹੀਆਂ ਪ੍ਰੇਮਤਰੰਗਾਂ
ਜੋ ਅਜੇ ਵੀ ਸਹਿਮੇ ਮਹੌਲ ਵਿੱਚ ਫੈਲਣ ਲਈ
ਤੜਪ ਰਹੀਆਂ ਨੇ!






Academy of the Punjab in North America: http://www.apnaorg.com

# ਸ਼ਹਿਰ – ਇੱਕ ਜੰਗਲ

ਪੱਛਮ ਦਾ ਅਸਮਾਨ –
ਕਿਸੇ ਦੇ ਹਸੀਨ ਮੁੱਖੜੇ ਵਾਂਗ
ਗੁਲਾਬੀ ਹੋ ਗਿਆ ਹੈ?
ਪੰਛੀ ਆਪਣੇ ਘਰੋਂਦਿਆਂ ਨੂੰ
ਵਾਪਸ ਪਰਤ ਰਹੇ ਹਨ–
ਪਰ ਜਿਨ੍ਹਾਂ ਦਾ ਕੋਈ ਘਰ ਨਹੀਂ
ਉਹ ਘਰ ਕਿਵੇਂ ਮੁੜਨ?
ਹਰ ਵਕਤ ਯਾਦਾਂ ਦੀਆਂ
ਸੁਲਗਦੀਆਂ ਲਕੜੀਆਂ ਦਾ ਧੂੰਆਂ
ਦਿਲੋ-ਦਿਮਾਗ਼ ਤੇ ਕਿਉਂ ਛਾ ਜਾਂਦਾ ਹੈ,
ਕਿਉਂ ਫੈਲ ਜਾਂਦੀ ਹੈ
ਸੂਹੇ ਮੁੱਖੜਿਆਂ ਤੇ ਡਰ ਦੀ ਪੀਲੀ ਰੰਗਤ?
ਨਫ਼ਰਤ ਦਾ ਅੱਥਰਾ ਘੋੜਾ
ਜਦ ਪਿਆਰ ਦੀ ਖਿੱਚ –
ਪਲਾਂ ਵਿੱਚ ਹੀ ਤੋੜ ਦਿੰਦਾ ਹੈ,
ਫੇਰ ਰਿਸ਼ਤਿਆਂ ਦਾ ਕੀ ਮਹੱਤਵ ਰਹਿ ਜਾਂਦਾ ਹੈ!
ਸ਼ਹਿਰ ਹੌਲੀ ਹੌਲੀ ਜੰਗਲਾਂ ਵਿੱਚ
ਤਬਦੀਲ ਹੋਈ ਜਾ ਰਹੇ ਹਨ!
ਜਿੱਥੇ ਬੇਪਰਵਾਹ ਦਰਖ਼ਤ ਆਪਣੀ ਜਗ੍ਹਾ ਤੇ ਖੜੇ ਹਨ –
ਚੁਪਚਾਪ ... ਬੇਫ਼ਿਕਰ ..! ਸੋਚਹੀਣ ?
ਕਿਸੇ ਵਾਰੇ ਕੋਈ ਕੁੱਝ ਨਹੀਂ ਸੋਚਦਾ ?
ਦਰਪਣ ਟੁੱਟ ਗਿਆ ਹੈ ਤੇ
ਹੁਣ ਅਸੀਂ ਚਿਹਰਿਆਂ ਦੀ ਪਹਿਚਾਣ ਭੁੱਲ ਚੁੱਕੇ ਹਾਂ ...
ਜੇ ਸ਼ਹਿਰ ਰੂਪੀ ਜੰਗਲ ਨੂੰ ਅੱਗ ਲਗਦੀ ਹੈ
ਤਾਂ ਕੋਈ ਬਹੁਤਾ ਸੋਚਣ ਦੀ ਲੋੜ ਨਹੀਂ ...





Academy of the Punjab in North America: http://www.apnaorg.com

# ਅਲਬੇਲੇ

ਅੱਜ ਕੋਈ ਲੱਭਦਾ ਫਿਰਦਾ ਤੈਨੂੰ
ਥਾਂ ਥਾਂ, ਜੰਗਲ - ਬੇਲੇ!
ਮਸਤੀਆਂ ਦੇ ਵਿੱਚ ਬਣੇ ਨੇ ਜੋਗੀ
ਇਹ ਲੋਕੀ ਅਲਬੇਲੇ!
ਤੇਰੀ ਤੜਪ ਸਾਨੂੰ ਹੈ ਖਾਂਦੀ
ਥਾਂ ਥਾਂ ਭਟਕਦੇ ਫਿਰਦੇ!
ਹੇ ਅਰੂਪ! ਤੇਰੀ ਇੱਕ ਤਸਵੀਰ
ਅਸੀਂ ਵਸਾਈ ਹਿਰਦੇ!
ਜੰਗਲ-ਜੰਗਲ, ਨਗਰ-ਨਗਰ ਵਿੱਚ
ਨਦੀਆਂ ਦੇ ਵਿੱਚ ਲੱਭਦੇ!
ਜੋਗੀ ਬਣਕੇ ਬਿਰਹਾਂ-ਜਾਏ
ਫਿਰਨ ਦੂਰ ਅਕੇਲੇ!






Academy of the Punjab in North America: http://www.apnaorg.com

# ਵਿਸ਼ਰਾਮ ਕਾਲ

ਸ਼ਾਮ ਪੈ ਗਈ ਹੈ -
ਸਭ ਪੰਛੀ ਆਪਣੇ ਆਲ੍ਹਣਿਆਂ 'ਚ ਆ ਗਏ
ਕੰਮ ਕਰਨ ਵਾਲੇ, ਥੱਕੇ ਹਾਰੇ
ਆਪਣੇ ਘਰਾਂ ਨੂੰ ਮੁੜ ਪਏ !
ਪਰ ਜੋ ਅਜੇ ਵੀ
ਮਿੱਟੀ ਨਾਲ ਮਿੱਟੀ
ਹੋਇਆ ਪਿਆ ਹੈ
ਜਿਸਦੇ ਜਿਸਮ ਤੋਂ
ਪਸੀਨੇ ਦਾ ਇੱਕ ਕਤਰਾ
ਵੀ ਨਹੀਂ ਲਿਹਾ ਹੈ !
ਉਹ ਕਦ ਆਪਣੇ ਘਰ ਨੂੰ ਪਰਤੇਗਾ ?





Academy of the Punjab in North America: http://www.apnaorg.com

# ਨੇਕੀ ਦਾ ਫਰਿਸ਼ਤਾ

ਲੋਕਾਂ ਦੇ ਘਰ ਬੜੇ ਹੀ ਸੁੰਨੇ ਪ੍ਰਤੀਤ ਹੁੰਦੇ ਨੇ
ਲੋਕ ਜਿਵੇਂ ਪਿਆਰ, ਦੋਸਤੀ ਤੋਂ ਬਾਂਝੇ ਰਹਿੰਦੇ ਨੇ
ਇਸ ਤੇਜ਼ ਤਰਾਰ ਜ਼ਿੰਦਗੀ ਵਿੱਚ
ਹਰੇਕ ਨੂੰ ਆਪਣੀ ਹੀ ਲੱਗੀ ਹੋਈ ਹੈ
ਹਰ ਪਾਸੇ ਇੱਕ ਦੂਜੇ ਤੋਂ
ਅੱਗੇ ਵਧਣ ਦੀ ਦੌੜ ਵੱਗੀ ਹੋਈ ਹੈ
ਕੋਈ ਕਿਸੇ ਦੀ ਭਲਾਈ ਵਾਰੇ ਨਹੀਂ ਸੋਚਦਾ
ਹਰ ਕੋਈ ਆਪਣਾ ਹੀ ਲਾਭ ਲੈਣਾ ਹੈ ਲੋਚਦਾ
ਇਸ ਦੁਨੀਆਂ ਦੇ ਵਿੱਚ
ਕੋਈ ਹੀ ਨੇਕੀ ਦਾ ਫਰਿਸ਼ਤਾ ਬਣਦਾ ਹੈ
ਅਤੇ ਲੋਕਾਂ ਦੇ ਬੇਰੌਣਕ ਘਰਾਂ ਵਿੱਚ
ਫੁੱਲਾਂ ਜਿਹੀ ਮੁਸਕਾਨ ਭਰਦਾ ਹੈ !





Academy of the Punjab in North America: http://www.apnaorg.com

# ਸਾਗਰ ਦਾ ਗੀਤ

ਓ ਮਾਝੀ ਚੱਲ !
ਦੂਰ ਹੈ ਸੁੱਖ ਦੀ ਮੰਜ਼ਿਲ
ਪਰ ਤੂੰ ਰੁਕ ਨਾ ਇੱਕ ਪਲ
ਓ ਮਾਝੀ ਚੱਲ !

ਤੈਨੂੰ ਸਾਗਰ ਪੁਕਾਰੇ
ਆਜਾ ਮੇਰੇ ਦੁਆਰੇ
ਛੇੜ ਦੇ ਦਿਲੇ ਦੇ ਸਾਜ਼
ਜੋ ਕਰਨ ਮਿੱਠੀ ਅਵਾਜ਼
ਨਾਲ਼ੇ ਛੇੜ ਪਿਆਰ ਦੀ ਗੱਲ
ਓ ਮਾਝੀ ਚੱਲ !

ਸੀਨੇ ਤਪਦੇ ਤੂੰ ਠਾਰ
ਲੈ ਲੈ ਸਾਡੀ ਵੀ ਸਾਰ
ਰਹਿ ਗਏ ਪਿੱਛੇ ਦੂਰ ਹਨੇਰੇ
ਚੜ੍ਹਨਗੇ ਹੁਣ ਨਵੇਂ ਸਵੇਰੇ
ਤੂੰ ਰੁਕ ਨਾ ਚੱਲਦਾ ਚੱਲ
ਓ ਮਾਝੀ ਚੱਲ !






Academy of the Punjab in North America: http://www.apnaorg.com

# ਕਨਸੋਅ

ਨੈਣਾਂ ਦੇ ਦਰਿਆ ਦਾ ਮਿੱਤਰਾ
ਕੋਈ ਨਹੀਂ ਕਿਨਾਰਾ!
ਦੂਰ ਕਿਤੇ ਜੰਗਲਾਂ ਦੇ ਉਹਲੇ
ਵਜਦਾ ਏ ਇਕਤਾਰਾ!
ਮਨਾਂ ਦੀ ਬੰਜਰ ਧਰਤੀ 'ਚੋਂ
ਜਦ ਪ੍ਰੇਮ ਦਾ ਅੰਕੁਰ ਫੁੱਟਦਾ ਹੈ!
ਨਫ਼ਰਤ ਦਾ ਵਣਜਾਰਾ ਫਿਰ
ਕੋਹਾਂ ਪਿੱਛੇ ਛੁੱਟਦਾ ਹੈ!
ਅਸਾਂ ਤਾਂ ਸਾਗਰ ਵਿੱਚੋਂ ਰਾਹੀ!
ਮੋਤੀ ਕੱਢ ਲਿਆਉਣੇ ਨੇ!
ਦੂਰ ਕਿਤੇ ਚੰਨਾਂ ਦੇ ਉਹਲੇ
ਅਮਨਾਂ ਦੇ ਆਲ੍ਹਣੇ ਪਾਉਣੇ ਨੇ!
ਮੇਰਾ ਨੀਲਾ ਗੀਤ ਹੈ ਇੱਕੋ
ਇੱਕੋ ਹੈ ਕਨਸੋਅ!
ਦੂਰ ਦੂਰ ਕਿਉਂ ਭੱਜਦੈਂ ਰਾਹੀ!
ਨੇੜੇ ਨੇੜੇ ਹੋ!





Academy of the Punjab in North America: http://www.apnaorg.com

# ਗੀਤ - ਦੁਲਹਨ

ਉਹ ਦੁਲਹਨ ਸਾਡੇ ਵਿਹੜੇ ਆਈ।
ਕਦੇ ਕਦੇ ਉਹ ਰੋਈ 'ਤੇ ਕਦੇ ਕਦੇ ਮੁਸਕਾਈ।

ਚਿਹਰੇ ਉੱਤੇ ਚੰਦ ਜਿਹੀ ਲਾਲੀ
ਸਾਡੇ ਮਨ ਨੇ ਤਸਵੀਰ ਵਸਾਲੀ -
ਉਸਨੇ ਅੱਖਾਂ ਨੀਵੀਂਆਂ ਪਾਈਆਂ
ਤੇ ਜ਼ਰਾ ਸ਼ਰਮਾਈ।

ਹੁਸਨ ਉਹਦੇ ਦਾ ਸੋਨ-ਸਵੇਰਾ
ਪਾਉਂਦਾ ਚਾਰ-ਚੁਫ਼ੇਰੇ ਫੇਰਾ -
ਜੱਗ ਦੀ ਜਨਣੀ ਬਣਕੇ ਉਸਨੇ
ਮਾਂ ਦੀ ਮਮਤਾ ਤੋੜ ਨਿਭਾਈ।





Academy of the Punjab in North America: http://www.apnaorg.com

# ਸੁਪਨੇ ਤੇ ਖ਼ਿਆਲ

ਸੁਰਮਈ ਰਾਤ ਦਾ ਘੁੰਘਟ ਖੋਹਲਕੇ
ਸੂਰਜ ਨੇ ਘੁੰਮਰ ਪਾਇਆ!
ਧਰਤੀ ਨੇ ਨਾਚ ਹੈ ਨੱਚਿਆ –
ਨੈਣਾਂ ਵਿੱਚ ਡੋਰੀਆ ਛਾਇਆ!
ਹੁਣ ਹੋਰ ਤੂੰ ਦੀਵਾਨੇ!
ਕਿੰਨੀ ਕੁ ਦੇਰ ਲਾਵੇਂਗਾ?
ਪਿਆਰ ਦਾ ਜਹਾਨ –
ਕਦੋਂ ਤੂੰ ਵਸਾਵੇਂਗਾ?
ਦਰਦ ਦੀ ਪੀਂਘ ਇੱਕ
ਦਿਲ 'ਚ ਹੁਲਾਰਾ ਖਾ ਗਈ!
ਹਰ ਸੁਪਨੇ ਦੇ ਨੈਣੀਂ
ਤੇਰਾ ਖ਼ਿਆਲ ਵਸਾ ਗਈ!
ਰਾਹੀ! ਤੂੰ ਹੁਣ ਦੇਰ ਨਾ ਲਾ –
ਸਾਗਰ 'ਚ ਬੇੜੀ ਠੇਲ੍ਹ ਦੇ!
ਸੁਪਨੇ ਅਤੇ ਖ਼ਿਆਲ ਦੀ
ਲਕੀਰ ਨੂੰ ਹੁਣ ਮੇਲ੍ਹ ਦੇ!





Academy of the Punjab in North America: http://www.apnaorg.com

# ਭਟਕਿਆ ਰਾਹੀ ਤੇ ਕ੍ਰਾਂਤੀ

ਤੂਫ਼ਾਨ ਆਏਗਾ,
ਪਰ ਮੌਤ ਨਹੀਂ ਆਏਗੀ!
ਨੈਣ ਵਰਸਣਗੇ,
ਪਰ ਰਾਤ ਨਹੀਂ ਜਾਏਗੀ!
ਚੱਲ ਤੂੰ ਹਨੇਰੀ ਰਾਤ ਵਿੱਚ ਹੀ –
ਚਮਕਦੇ ਪ੍ਰਕਾਸ਼ਪੁੰਜ ਦੀ ਤਲਾਸ਼ ਵਿੱਚ ਟੁਰ ਜਾ!
ਇੱਕ ਦਿਨ ਆਪੇ ਹਟ ਜਾਏਗਾ –
ਰੌਸ਼ਨੀ ਦੇ ਗ਼ਿਰਦ ਲਿਪਟਿਆ
ਹਨੇਰੇ ਦਾ ਗ਼ੁਬਾਰ!
ਫਿਰ ਤੂੰ ਰੌਸ਼ਨੀ ਦੀ ਇੱਕ ਲੰਮੀ ਲਕੀਰ ਦਾ
ਇਤਿਹਾਸ ਲਿਖਣ ਲਈ ਹੋ ਜਾਵੀਂ ਤਿਆਰ!
ਸ਼ਕਤੀ ਅਤੇ ਚੇਤਨਾ ਦਾ
ਖ਼ਿਤਿਜ ਤੂੰ ਬਣਾ ਦੇਵੀਂ!
ਦਿਨ ਦਾ ਉਜਾਲਾ ਤੂੰ
ਰਾਤ 'ਚ ਮਿਲ਼ਾ ਦੇਵੀਂ!
ਚੱਲ, ਕ੍ਰਾਂਤੀ ਤੈਨੂੰ ਹੀ ਉਡੀਕ ਰਹੀ –
ਤੇਰੀ ਆਮਦ ਤੇ ਉਹ
ਕਿਰਨਾਂ 'ਚ ਵਟ ਜਾਏਗੀ!
ਤੂੰ ਹਨੇਰੇ ਦੀ ਨਦੀ ਦੇ
ਏਸ ਬੰਨੇ ਖੋਲ ਕੇ–
ਇੱਕ ਪੁਲ ਸਿਰਜ ਦੇਵੀਂ!
ਕਿਰਨ ਪੋਲੇ ਪੋਲੇ ਕਦਮ ਧਰਦੀ
ਤੇਰੇ ਕੋਲ ਆਏਗੀ!
ਫਿਰ ਨੈਣ ਚਮਕਣਗੇ
ਅਤੇ ਰਾਤ ਚਲੀ ਜਾਏਗੀ!






Academy of the Punjab in North America: http://www.apnaorg.com

# ਅਸੀਂ ਕਦੋਂ ਜਾਗਾਂਗੇ?

ਖ਼ਿਤਿਜ ਤੇ ਮਸਕਾ ਰਿਹਾ ਸੂਰਜ
ਹੌਲੀ ਹੌਲੀ ਘੁਸਮਸੇ ਵਿੱਚ ਧਸਦਾ ਜਾ ਰਿਹਾ ਹੈ!
ਹਨੇਰੀ ਦੀ ਚੁਨਰੀ ਨਾਲ਼ ਸੱਭਿਅਤਾ ਦਾ ਗੋਰਾ ਮੁੱਖ
ਅਸੱਭਿਅਤਾ ਦੇ ਵਹਿਣ ਵਿੱਚ ਵਗਦਾ ਜਾ ਰਿਹਾ ਹੈ!
ਨਵੇਂ ਜੀਵਨ ਦੀ ਚਿਣਗ ਅਜੇ ਮਘ ਨਹੀਂ ਰਹੀ....
ਅਸੀਂ ਕਿਵੇਂ ਦਿਆਂਗੇ?
ਚਿੰਤਨ ਦੇ ਦਸਮ ਦੁਆਰ ਤੇ ਦਸਤਕ?
ਜੀਵਨ-ਬੇੜੀ ਤੂਫ਼ਾਨ ਦੇ ਆਉਣ ਤੋਂ ਪਹਿਲਾਂ ਹੀ
ਹਿਚਕੋਲੇ ਖਾ ਰਹੀ ਹੈ!
ਸੋਹਲ ਜਿਹੀ ਕਵਿਤਾ ਤਪਦੇ ਅੱਖਰਾਂ ਦੇ
ਪ੍ਰਹਾਰ ਨਾਲ਼ ਬਿੱਖਰਦੀ ਜਾ ਰਹੀ ਹੈ!
ਹੇ ਰਾਹੀ! ਤੂੰ ਆਪਣੀ ਮੰਜ਼ਿਲ ਤੋਂ ਪਹਿਲਾਂ ਹੀ
ਨੀਂਦ ਦੇ ਤਿਲਸਮ ਵਿੱਚ ਫਸ ਰਿਹੈਂ......
ਫੇਰ ਤੂੰ ਕਿਵੇਂ ਹਟਾਵੇਂਗਾ -
ਮੰਜ਼ਿਲ ਦੀ ਦੇਵੀ ਦੇ ਮੁੱਖ ਦਾ ਘੁੰਘਟ?
ਅਨੰਤ ਤੂਫ਼ਾਨ ਆ ਰਹੇ ਹਨ,
ਪਰ ਸਾਡੇ ਸਥੂਲ ਮਨ ਵੀ ਘਬਰਾ ਰਹੇ ਹਨ!
ਅਸਾਂ ਆਪਣੇ ਮਜ਼ਬੂਤ ਜਿਸਮ 'ਤੇ,
ਹੱਸ ਹੱਸ ਤੂਫ਼ਾਨ ਸਹਿਣਾ ਹੈ!
ਅੱਜ ਅਸਾਂ ਲੰਬੀ ਨੀਂਦ ਤੋਂ ਜਾਗਣਾ ਹੈ!





Academy of the Punjab in North America: http://www.apnaorg.com

## ਗ਼ਜ਼ਲ – ਧੂੰਆ

ਧੂੰਆ ਹੀ ਧੂੰਆ ਹੈ ਹਰ ਤਰਫ਼
ਕਿ ਸ਼ੋਖ਼ ਬੱਦਲੀ ਕਿੱਧਰ ਜਾਏਗੀ?
ਪਰਬਤ ਦੇ ਕਿਸੇ ਕੋਨੇ ਦੀ
ਗਰਮੀ ਨਾਲ਼ ਪਿਘਲ ਜਾਏਗੀ?
ਮੈਂ ਕੋਈ ਪਰਿੰਦਾ ਨਹੀਂ ਹਾਂ
ਕਿ ਪਰਵਾਜ਼ ਲਈ ਤੜਪਾਂਗਾ–
ਮੇਰੀ ਆਹ ਤਾਂ ਹੰਝੂ ਬਣ
ਸੋਚਾਂ ਦੇ ਵਿੱਚ ਢਲ਼ ਜਾਏਗੀ!

ਇਸ ਅੱਗ ਦੇ ਸਾਏ ਨਾਲ਼
ਮੈਨੂੰ ਹੋਰ ਨਾ ਤੜਪਾਓ –
ਮੇਰੀ ਨਜ਼ਰ ਤਾਂ ਤੇਰੇ
ਨੈਣਾਂ ਦੀ ਤਾਬ ਨਾਲ਼ ਤੜਪ ਜਾਏਗੀ!
ਹਰ ਰੋਜ਼ ਜ਼ਲਜ਼ਲਾ ਉਜਾੜਦਾ ਹੈ
ਮੇਰੇ ਕਾਗ਼ਜ਼ ਦੇ ਸੁਪਨਿਆਂ ਨੂੰ –
ਪਰ ਕਦੇ ਤਾਂ ਤੇਰੇ ਨੈਣਾਂ 'ਚ
ਮੇਰੀ ਤਸਵੀਰ ਉੱਸਰ ਪਾਏਗੀ .....





Academy of the Punjab in North America: http://www.apnaorg.com

# ਗ਼ਜ਼ਲ – ਪਰਛਾਂਵੇਂ

ਬਲ੍ਹਦੇ ਹੋਏ ਪਰਛਾਂਵੇਂ
ਪਰਵਾਜ਼ ਲਈ ਤੜਪਦੇ ਨੇ!
ਰੌਸ਼ਨੀ ਦੇ ਕੁੱਝ ਕਤਰੇ
ਅਵਾਜ਼ ਲਈ ਤੜਪਦੇ ਨੇ!
ਮੱਦਭਰੇ ਨੈਣਾਂ ਵਿੱਚ
ਅੱਥਰੂਆਂ ਦਾ ਸ਼ੋਰ ਸੀ –
ਉੱਜੜੀ ਮੁਹੱਬਤ ਦੇ ਕਿੱਸੇ
ਰਾਜ਼ ਲਈ ਤੜਪਦੇ ਨੇ!
'ਉਸਦੀ' ਹਰ ਅਦਾ 'ਚ
ਦਰਿਆਵਾਂ ਦਾ ਸੰਗੀਤ ਸੀ –
ਫੜਕਦੇ ਹੋਏ ਬੁੱਲ,
ਅਵਾਜ਼ ਲਈ ਤੜਪਦੇ ਨੇ!
ਯਾਦਾਂ ਦੀ ਹਨੇਰੀ
ਜਦ ਮਨ ਦੇ ਵਿਹੜੇ ਆਉਂਦੀ ਹੈ –
ਤਾਂ ਬਿੱਖਰੇ ਹੋਏ ਖਿਆਲ
ਹਮਰਾਜ਼ ਲਈ ਤੜਪਦੇ ਨੇ





Academy of the Punjab in North America: http://www.apnaorg.com

## ਨਵਾਂ ਗੀਤ

ਖੋਲ੍ਹ ਦਿਓ ਸਭ ਦਰਵਾਜ਼ੇ !
ਹਵਾ ਦੀ 'ਸਾਂ-ਸਾਂ' ਨਾਲ਼
ਗਲਵੱਕੜੀਆਂ ਪਾਉਂਦਾ ਹੋਇਆ,
ਇੱਕ ਨਵਾਂ ਗੀਤ ਮੇਰੇ ਸੰਸਾਰ ਦਾ
ਸ਼ਿੰਗਾਰ ਬਣਨ ਆਇਆ ਹੈ!

ਤਪਦਾ ਹੋਇਆ ਸਾਹਿਲ,
ਅਨੇਕਾਂ ਯੁੱਗਾਂ ਤੋਂ -
ਇਸ ਗੀਤ ਦੀ ਛੋਹ ਲਈ
ਤਰਸ ਰਿਹਾ ਸੀ !

ਖੋਲ੍ਹ ਦਿਓ,
ਹਨੇਰੇ 'ਚ ਉਜਾਲਾ ਕਰਨ ਵਾਲੀ -
ਨਵਕਿਰਨ ਦੇ ਘੁੰਘਟ!

ਹਵਾ 'ਚ ਫੈਲੇ ਨਮੀ-ਰਹਿਤ ਕਣ,
ਉਸਦੇ ਸਪਰਸ਼ ਲਈ
ਤੜਪ ਰਹੇ ਹਨ !

ਫੇਰ ਉਹ ਉਤੇਜਤ ਹੋ ਕੇ,
ਇੱਕ ਨਵੇਂ ਸੂਰਜ ਦੀ -
ਸਿਰਜਣਾ ਕਰਨਗੇ ।

ਉਸੇ ਵੇਲੇ ਪੂਰਾ ਹੋਵੇਗਾ -
ਮੇਰੇ ਗੀਤ ਦਾ ਮਨੋਰਥ !






Academy of the Punjab in North America: http://www.apnaorg.com

# ਆਸ ਦੀ ਲੋਅ

ਜਾਮ ਸੁਰਾਹੀ ਪੀ ਲੈ ਤੂੰ
ਹੋਂਠ ਤਿਰੇ ਤ੍ਰਿਹਾਏ !
ਜਿਓਂ ਕੋਈ ਮਾਰੂਥਲ
ਫਿਰ ਸਾਗਰ ਬਣਨਾ ਚਾਹੇ !
ਪ੍ਰੇਮ ਜਾਮ ਦਾ ਇੱਕ ਘੁੱਟ
ਹਰ ਕੋਈ ਪੀਣਾ ਚਾਹੇ
ਅੱਖਾਂ ਦੇ ਝਰੋਖੇ ਵਿੱਚੋਂ
ਆਸ ਦੀ ਲੋਅ ਦਿਖਾਏ !






Academy of the Punjab in North America: http://www.apnaorg.com

# ਨਵੀਂ ਰੁਬਾਈ

(ਧੀਆਂ ਦੇ ਨਾਂ)

ਇਹ ਉਹ ਚਿਣਗ ਹੈ
ਜੋ ਕਦੇ ਭਾਂਬੜ ਬਣ ਕੇ ਜਲ ਉੱਠੇਗੀ
ਇਹ ਹੋਂਦ ਉਸ ਲੋ ਦੀ ਹੈ
ਜੋ ਕਦੇ ਚਾਨਣ ਕਰ ਉੱਠੇਗੀ !
ਪੀੜਾਂ ਦੇ ਇਸ ਮਾਰੂਥਲ 'ਚੋਂ
ਇਹ ਡਾਚੀ ਜਦ ਲੰਘ ਜਾਵੇਗਾ
ਨਖ਼ਲਿਸਤਾਨ ਦੀ ਧਰਤੀ
ਉਸਨੂੰ ਸਜਦਾ ਕਰ ਉੱਠੇਗੀ !





Academy of the Punjab in North America: http://www.apnaorg.com

# ਵਿੱਛੜੇ ਪਲ

ਇਕੱਲਤਾ ਦੇ ਹਨੇਰੇ ਜਦੋਂ ਚਾਰੋਂ ਪਾਸਿਓਂ ਘੇਰ ਲੈਂਦੇ ਨੇ,
ਤਾਂ ਤੇਰੇ ਛਣਕਦੇ ਹਾਸੇ ਯਾਦ ਆਉਂਦੇ ਨੇ,
ਅਸੀਂ ਜੋ ਜਲਾਵਤਨ ਹੋ ਬੈਠੇ ਹਾਂ -
ਕਿਵੇਂ ਉਹਨਾਂ ਵਿੱਛੜੇ ਪਲਾਂ ਨੂੰ
ਯਾਦਾਂ ਦੇ ਵਾਯੂਮੰਡਲ ਵਿੱਚੋਂ ਫੜ ਕੇ ਲਿਆਈਏ!
ਰੂਹ 'ਚੋਂ ਮਨਫ਼ੀ ਹੋਏ ਸੁਰਾਂ ਦੀ ਉਦਾਸੀ
ਜਦ ਸਾਡੇ ਕਤਰੇ ਕਤਰੇ ਵਿੱਚ ਸਮਾ ਜਾਂਦੀ ਹੈ,
ਤਾਂ ਤੇਰੇ ਗਰਮ ਬੁੱਲ੍ਹਾਂ 'ਚੋਂ ਫੁੱਟੇ
ਸੋਜ਼ਮਈ ਗੀਤਾਂ ਦੀਆਂ ਮਿੱਠੀਆਂ ਤਰੰਗਾਂ
ਯਾਦ ਆਉਂਦੀਆਂ ਹਨ -
ਅਸੀਂ ਖ਼ਾਨਾਬਦੋਸ਼ .......
ਅਜੇ ਕਿੰਨੀ ਕੁ ਦੇਰ ਹੋਰ ਭਟਕਾਂਗੇ ...
ਕਿ ਸਾਡੀ ਮੰਜ਼ਿਲ ਅੱਖੋਂ-ਪ੍ਰੋਖੇ ਹੋਈ ਜਾ ਰਹੀ ਹੈ ....
ਪਰ ਅਸੀਂ ਬੇਵਸ ਲਹਿਰਾਂ ਵਾਂਗ
ਚੰਨ ਨੂੰ ਛੂਹਣ ਲਈ ਹਰ ਪਲ ਕੋਸ਼ਿਸ਼ ਕਰਦੇ ਹਾਂ...
ਕਿ ਇੱਕ ਨਵੇਂ ਮਸਤੀ ਨਾਲ਼ ਗੜੁੱਚੇ ਗੀਤ ਦੇ

ਗਰਮ ਸ਼ਬਦਾਂ ਨਾਲ਼ ਇੱਕਮਿੱਕ ਹੋ ਸਕੀਏ -

ਪਰ - ਸਾਡੇ ਕਦਮ ਪਿਛਾਂਹ ਹਟਦੇ ਜਾ ਰਹੇ ਹਨ -
ਕਿ ਸ਼ਾਇਦ ਉੱਧਰ ਵੀ ਕੋਈ ਮੰਜ਼ਿਲ ਹੈ .....





Academy of the Punjab in North America: http://www.apnaorg.com

# ਮੈਂ ਫਿਰ ਪਰਤਾਂਗਾ

ਦੂਰ ਗਗਨ 'ਚ ਇੱਕ ਪੰਛੀ ਜਦ ਫੇਰਾ ਪਾਉਣਾ –
ਮੈਂ ਆਪਣੀਆਂ ਯਾਦਾਂ ਨਾਲ਼ ਫਿਰ ਪਰਤਾਂਗਾ!
ਜਦ ਪਰਬਤਾਂ ਮਦਹੋਸ਼ ਹੋ ਆਪਣਾ ਆਂਚਲ ਲਹਿਰਾਣਾ –
ਮੈਂ ਆਪਣੀਆਂ ਯਾਦਾਂ ਨਾਲ਼ ਫਿਰ ਪਰਤਾਂਗਾ!

ਮੈਂ ਦੀਪਕ ਸੰਗ ਪਤੰਗੇ ਵਾਂਗੂੰ ਜਲ ਕੇ –
ਆਪਣੇ ਮਹਿਬੂਬ ਦੀਆਂ ਪਲਕਾਂ ਦਾ ਅੱਥਰੂ ਬਣ ਜਾਣਾ!
ਮੈਂ ਲਵਾਂ 'ਚੋਂ ਨਿੱਕਲੀ ਦੁਆ ਦੇ ਵਾਂਗ –
ਫ਼ਿਜ਼ਾ ਦੇ ਵਿੱਚ ਦੂਰ ਦੂਰ ਤੱਕ ਜਾ ਲਹਿਰਾਣਾ!
ਤੇ ਫਿਰ ਜਦ ਹਰ ਅੱਥਰੂ ਸੁੱਕ ਜਾਏਗਾ –
ਮੈਂ ਆਪਣੇ ਹੰਝੂਆਂ ਨਾਲ਼ ਫਿਰ ਪਰਤਾਂਗਾ!

ਜਦ ਮੇਰਾ ਮਹਿਬੂਬ ਨਾ ਰੋ ਪਾਏਗਾ –
ਮੈਂ ਆਪਣੇਂ ਹੰਝੂਆਂ ਨਾਲ਼ ਫਿਰ ਪਰਤਾਂਗਾ!
ਵਹਿੰਦੇ ਪਾਣੀ ਦੀ ਧਾਰਾ ਵਿੱਚ ਵਹਿ ਕੇ –
ਮੈਂ ਪ੍ਰੇਮ ਦਾ ਸੰਦੇਸ਼ ਪੰਹੁਚਾਣਾ!
ਸ਼ਾਮ ਨੂੰ ਫੈਲੀ ਧੁੰਦ ਨਾਲ਼ ਮਿਲ ਕੇ –
ਮੈਂ ਜ਼ਿੰਦਗੀ ਦਾ ਕੋਈ ਗੀਤ ਹੈ ਗਾਉਣਾ!
ਜਦ ਰਾਤ ਹਨੇਰੀ 'ਚ ਬਲ਼ ਉੱਠੇਗਾ ਦੀਪਕ –
ਮੈਂ ਉਸਦੀ ਨਿਗੂਣੀ ਕਿਰਣ ਬਣ ਫਿਰ ਪਰਤਾਂਗਾ!
ਜਦ ਮੇਰਾ ਮਹਿਬੂਬ ਨਿਹਾਰੇਗਾ ਮੈਨੂੰ ਅਪਲਕ –
ਮੈਂ ਉਸਦੀਆਂ ਅੱਖੀਆਂ 'ਚ ਆਸ ਕਿਰਣ ਬਣ ਫਿਰ ਪਰਤਾਂਗਾ!



Academy of the Punjab in North America: http://www.apnaorg.com

ਮੈਂ ਜੋ ਅੱਜ ਟੁਰ ਚੱਲਿਆਂ ਹਾਂ -
ਮੌਤ ਦੇ ਲੰਮੇ ਤੇ ਬਿੱਖੜੇ ਪੈਂਡਿਆਂ ਤੇ -
ਇੱਕ ਦਿਨ ਜੀਵਨ-ਲੋਅ ਬਣ ਫਿਰ ਪਰਤਾਂਗਾ!
ਆਪਣੇ ਮਹਿਬੂਬ ਦੇ ਨੈਣਾਂ 'ਚ ਫੈਲੀ ਉਦਾਸੀ ਨੂੰ -
ਮੌਨ-ਸੰਗੀਤ 'ਚ ਬਦਲਣ ਲਈ ਫਿਰ ਪਰਤਾਂਗਾ!
ਮੈਂ ਜੋ ਅੱਜ ਟੁਰ ਚੱਲਿਆਂ ਹਾਂ -
ਮੌਤ ਦੇ ਲੰਮੇ ਤੇ ਬਿੱਖੜੇ ਪੈਂਡਿਆਂ ਤੇ ...





Academy of the Punjab in North America: http://www.apnaorg.com

## ਸਾਗਰ

ਸਾਗਰ ਐਦਾਂ ਛਲਕੇ ਜਿਵੇਂ ਜਵਾਰ੍ਹ-ਭਾਟੇ ਦੇ
ਆਉਣ ਤੇ ਛਲਕਦੇ ਹਨ!
ਪਰ ਇਹਨਾਂ ਨੈਣਾਂ 'ਚ ਸਾਗਰਾਂ ਦਾ ਅਕਸ
ਕਦੇ ਨਾ ਉਭਰਿਆ!
ਅੱਜ ਰੋਣ ਨੂੰ ਮਨ ਚਾਹੁੰਦਾ ਹੈ...
ਪਰ ਅੱਖਾਂ 'ਚੋਂ ਅੱਥਰੂ ਮੁੱਕ ਚੁਕੇ ਨੇ!
ਜ਼ਿੰਦਗੀ ਦਾ ਗੀਤ ਮੌਨਵਰਤ ਦੀਆਂ
ਡੂੰਘੀਆਂ ਪਰਤਾਂ ਵਿੱਚ ਗੁੰਮ ਹੋ ਗਿਆ ਹੈ -
ਮੈਂ ਹੌਲੀ ਹੌਲੀ ਆਪਣੇ ਕੰਬਦੇ ਹੱਥਾਂ ਨਾਲ਼
ਚਿਰਾਗ਼ ਉਠਾਉਂਦਾ ਹਾਂ,
ਜਿਹੜਾ ਆਪਣੇ ਅੰਤਿਮ ਸਾਹ ਗਿਣ ਰਿਹਾ ਹੈ.....
ਤੇ ਟੁਰ ਪੈਂਦਾ ਹਾਂ,
ਅਸਗਾਹ ਪੈਂਡਿਆਂ ਤੇ -
ਜ਼ਿੰਦਗੀ ਦੇ ਮੌਨ ਗੀਤ ਨੂੰ
ਸ਼ਬਦਾਂ ਦੀ ਵਰਮਾਲਾ ਪਹਿਨਾਉਣ....

***



Academy of the Punjab in North America: http://www.apnaorg.com

ਐ ਚਮਕਦੀ ਚਾਂਦਨੀ!
ਤੂੰ ਮੇਰੇ ਜਿਸਮ 'ਚ ਅਜਿਹੀ ਸ਼ਕਤੀ ਭਰ
ਕਿ ਮੈਂ ਅੱਗ ਵਾਂਗ ਬਲਦੇ ਪੈਂਡਿਆਂ 'ਚ
ਕੁੱਦਣ ਲਈ ਤਿਆਰ ਹੋ ਜਾਵਾਂ!
ਐ ਪਿਆਜ਼ੀ ਹਵਾ!
ਤੂੰ ਇੰਝ ਵਹਿ ਕਿ ਬਲਦੇ ਪੈਂਡਿਆਂ ਤੇ
ਬਲਦੀ ਅੱਗ.... ਹੋਰ ਤੇਜ਼ ਹੋ ਜਾਵੇ!
ਐ ਨੀਲੇ ਸਾਗਰ!
ਤੂੰ ਖਾਮੋਸ਼ ਟੁਰੀ ਜਾ-
ਜਦ ਕਦੇ ਮੈਂ ਇਹਨਾਂ ਪੈਂਡਿਆਂ ਤੇ
ਟੁਰਦਾ ਥੱਕ ਜਾਵਾਂਗਾ-
ਮੈਂ ਆਪਣੀ ਸਾਰੀਆਂ ਖ਼ਾਹਿਸ਼ਾਵਾਂ
ਤੇ ਸਾਰੇ ਸੁਪਨਿਆਂ ਦੀਆਂ ਅਸਥੀਆਂ -
ਤੇਰੇ ਵਿੱਚ ਵਹਾਉਣ ਲਈ ਆ ਜਾਵਾਂਗਾ!
ਮੈਂ ਅੱਜ ਟੁਰ ਰਿਹਾ ਹਾਂ -
ਉਹਨਾਂ ਅਸਗਾਹ ਰਾਹਾਂ ਤੇ -
ਜਿਹਨਾਂ ਰਾਹਾਂ ਤੇ ਮੇਰਾ ਮੌਨ ਗੀਤ
ਮੈਥੋਂ ਰੁੱਸ ਕੇ ਟੁਰ ਗਿਆ ਹੈ -
ਤੇ ਮੈਂ ਆਪਣੇ ਮੌਨ ਗੀਤ ਨੂੰ
ਤਲਾਸ਼ ਕਰਕੇ ਪਹਿਨਾਉਣੀ ਹੈ -
ਸ਼ਬਦਾਂ ਦੀ ਵਰਮਾਲਾ....



Academy of the Punjab in North America: http://www.apnaorg.com

# ਕਾਲ਼ਾ ਸੂਰਜ

ਕਾਲ਼ਾ ਸੂਰਜ ਕੱਲ੍ਹ ਚੜ੍ਹਿਆ ਸੀ -

ਕਾਲ਼ਾ ਸੂਰਜ ਕੱਲ੍ਹ ਨਾ  ਚੜ੍ਹੇਗਾ!

ਪ੍ਰੇਮ-ਨਗਰ ਦੀ ਧਰਤੀ ਉੱਤੇ
ਹੁਣ ਗੀਤਾਂ ਦਾ ਰੂਪ ਚੜ੍ਹੇਗਾ!
ਗੀਤ ਉਹ ਜਿਹੜੇ ਕਾਲਖ਼ ਰੁੱਤੇ -
ਸ਼ਗਨਾਂ ਦੇ ਨੇ ਚੂੜੇ ਪਾਉਂਦੇ!
ਗੀਤ ਉਹ ਜਿਹੜੇ ਰੋਮ ਰੋਮ ਵਿੱਚ
ਨਿੱਤ ਨਵੇਂ ਜਜ਼ਬੇ ਜਗਾਉਂਦੇ!
ਅੱਜ ਮੇਰੇ ਸੁਪਨਿਆਂ ਦਾ ਬੇੜਾ-
ਗੀਤਾਂ ਦੇ ਹੜ੍ਹ ਵਿੱਚ ਹੜ੍ਹੇਗਾ!

ਕਾਲ਼ਾ ਸੂਰਜ ਕੱਲ੍ਹ ਚੜ੍ਹਿਆ ਸੀ -

ਕਾਲ਼ਾ ਸੂਰਜ ਕੱਲ੍ਹ ਨਾ ਚੜ੍ਹੇਗਾ!





Academy of the Punjab in North America: http://www.apnaorg.com

## ਅਜਨਬੀ ਰਾਹ ਤੇ ਪਰਛਾਵੇਂ

ਇਹਨਾਂ ਅਜਨਬੀ ਪੈਂਡਿਆਂ ਤੇ
ਜਦ ਜ਼ਿੰਦਗੀ ਟੁਰਦੀ ਹੈ ਆਪਣੀ ਮਟਕ ਚਾਲੇ!
ਤਾਂ ਇੱਕ ਸ਼ੋਰ ਜਿਹਾ ਕਿੰਝ ਫੈਲ ਜਾਂਦਾ ਹੈ
ਅਜਨਬੀ ਰਾਹਾਂ ਦੇ ਬਦਨ ਵਿੱਚ!
ਜ਼ਿੰਦਗੀ ਦੇ ਹੁਸੀਨ ਕਦਮਾਂ ਦੀ ਆਹਟ ਨਾਲ਼
ਜਾਗਦੇ ਨੇ ਅਜਨਬੀ ਰਾਹ...
ਅੰਗੜਾਈ ਲੈਂਦੇ ਨੇ
ਤੇ ਫਿਰ ਹੌਲੀ ਜਿਹੀ ਟੁਰਨ ਲਗਦੇ ਨੇ
ਸਾਡੇ ਨਾਲ਼ -
ਉਵੇਂ ਹੀ ਜਿਵੇਂ ਰਾਤ ਨੂੰ ਚੰਦਰਮਾ ਟੁਰਦਾ ਏ....
ਅਤੇ ਇੰਝ ਅਜਨਬੀ ਰਾਹ
ਸਾਡਾ ਪਰਛਾਵਾਂ ਬਣ ਜਾਂਦੇ ਨੇ!
ਅਤੇ ਉਹ ਪਰਛਾਵਾਂ
ਸਾਡੇ ਨਾਲ਼ ਹੀ ਰਹਿੰਦਾ ਹੈ!
ਅਤੇ ਇੰਝ ਅਸੀਂ
ਅਜਨਬੀ ਰਾਹਾਂ ਦੀਆਂ ਘੁੰਮਣਘੇਰੀਆਂ ਵਿੱਚ ਪੈ ਜਾਂਦੇ ਹਾਂ!
ਭੁੱਲ ਜਾਂਦੇ ਹਾਂ ਆਪਣੇ ਅਤੀਤ ਨੂੰ!
ਉਹ ਪਰਛਾਵਾਂ ਫੇਰ ਸਾਡੀ ਜ਼ਿੰਦਗੀ ਵਿੱਚ
ਇੱਕ ਨਵੀਂ ਕਹਾਣੀ ਸਿਰਜਦਾ ਹੈ...
ਅਤੇ ਅਸੀਂ ਉਸ ਮਘਦੀ ਕਹਾਣੀ ਦੀ ਧੂਣੀ ਸੇਕਦੇ ਹੋਏ-
ਆਪਣੇ ਸੁਨਹਿਰੀ ਭਵਿੱਖ ਦੀਆਂ
ਸੁੰਦਰ ਯੋਜਨਾਵਾਂ ਬਣਾ ਲੈਂਦੇ ਹਾਂ ...
ਅਜਨਬੀ ਰਾਹ!
ਹੁਣ ਅਜਨਬੀ ਨਹੀਂ ਰਹਿੰਦੇ...
ਪਰਛਾਵੇਂ ਵੀ ਕਦੇ ਅਜਨਬੀ ਹੋਏ ਨੇ....
ਤੇ ਉਹ ਵੀ ਆਪਣੇ ਪਰਛਾਵੇਂ!
ਸਾਡੀ ਜ਼ਿੰਦਗੀ ਉਹਨਾਂ ਪਰਛਾਵਿਆਂ ਨਾਲ਼
ਪ੍ਰੇਮ ਕਰਨ ਲੱਗ ਜਾਂਦੀ ਹੈ-



Academy of the Punjab in North America: http://www.apnaorg.com

ਪਰਛਾਵੇਂ ਜਿਹੜੇ ਰੌਸ਼ਨੀ ਵਿੱਚ ਹੀ ਸਾਥੀ ਹੁੰਦੇ ਨੇ-
ਹਨੇਰਿਆਂ ਵੇਲੇ ਉਹ ਚੁੱਪ ਦੀ ਚਾਦਰ ਪਾ ਲੈਂਦੇ ਨੇ!
ਅਤੇ ਫੇਰ ਅਜਨਬੀ ਬਣ ਜਾਂਦੇ ਨੇ!
ਪਰ ਅਸੀਂ ਉਹਨਾਂ ਪਰਛਾਵਿਆਂ ਨੂੰ
ਅਜਨਬੀ ਨਹੀਂ ਸਮਝਦੇ,
ਜ਼ਿੰਦਗੀ ਦੇ ਹਰ ਮੁਕਾਮ 'ਤੇ
ਆਪਣੇ ਬਰਾਬਰ ਖੜੌਂਦੇ ਹਾਂ....
ਰਾਹ ਕਿੰਨੇ ਅਜਨਬੀ ਹੁੰਦੇ ਹਨ!

ਅਸੀਂ ਉਹਨਾਂ ਅਜਨਬੀ ਰਾਹਾਂ ਦੇ
ਭੁੱਲ-ਭੁਲਈਏ ਵਿੱਚ ਇੰਝ ਉਲਝ ਜਾਂਦੇ ਹਾਂ -
ਜਿਵੇਂ ਮੱਕੜੀ ਆਪਣੇ ਹੀ ਜਾਲੇ 'ਚ ਕੈਦ ਹੋਵੇ!
ਅਜਨਬੀ ਰਾਹ ਜਿਹੜੇ ਸਾਡੇ 'ਮੈਂ' ਦੀ ਪਛਾਣ ਬਣਦੇ ਨੇ-
ਫੇਰ ਅਜਨਬੀ ਹੋ ਜਾਂਦੇ ਨੇ-
ਤੇ ਸਾਡਾ 'ਮੈਂ' ਸਾਡੀ ਰੂਹ 'ਚੋਂ
ਮਨਫ਼ੀ ਹੋ ਜਾਂਦਾ ਹੈ!
ਫੇਰ ਅਸੀਂ ਉਹਨਾਂ ਅਜਨਬੀ ਰਾਹਾਂ 'ਤੇ ਹੀ
ਆਪਣੇ ਗੁਆਚ ਚੁੱਕੇ 'ਮੈਂ'
ਨੂੰ ਤਲਾਸ਼ ਕਰਨ ਟੁਰ ਪੈਂਦੇ ਹਾਂ!





Academy of the Punjab in North America: http://www.apnaorg.com

# ਅੰਤਹੀਣ ਪਿਆਰ

ਧੜਕਦੀ ਹੋਈ ਆਬਸ਼ਾਰ
ਜਦੋਂ ਮਿੱਠਾ ਸ਼ੋਰ ਮਚਾਉਂਦੀ ਹੈ .....
ਨਦੀ ਜਦ ਵਹਿੰਦੀ ਹੋਈ
ਕੋਈ ਦਰਦੀਲਾ ਗੀਤ ਸੁਣਾਉਂਦੀ ਹੈ.....
ਪੰਛੀਆਂ ਦੀ ਡਾਰ ਜਦ
ਸਰਗਮ ਗਾਉਂਦੀ ਉੜ ਉੜ ਜਾਂਦੀ ਹੈ....
ਬੰਸਰੀ ਦਾ ਸੁਰ ਜਦ
ਰਗ਼ਾਂ 'ਚ ਸਰਦੀ ਦੌੜਾ ਦਿੰਦਾ ਹੈ.....
ਜਦੋਂ ਸੁਰਮਈ ਅਸਮਾਨ
ਕਿਸੇ ਦੀ ਯਾਦ 'ਚ ਅੱਥਰੂ ਕੇਰਦਾ ਹੈ...
ਉਸ ਵੇਲੇ –
ਮੇਰੇ ਦਿਲ 'ਚ ਮੱਚਦੀ ਹੈ –
ਅੰਤਹੀਣ ਪਿਆਰ ਦੇ ਕੰਪਨ ਦੀ ਜਵਾਲਾ!

ਸਾਗਰ ਜਦ ਉੱਛਲ ਉੱਛਲ ਕੇ
ਚੰਨ ਨੂੰ ਚੁੰਮਣ ਲਈ ਤੜਪਦਾ ਹੈ...
ਜ਼ਖ਼ਮ ਜਦ ਜਦ ਕੰਬਦਾ ਹੋਇਆ
ਤਿੱਖੀ ਚੀਸ ਵਾਸਤੇ ਤਰਸਦਾ ਹੈ....
ਜਦ ਜਦ ਸਿੱਪੀਆਂ ਦੇ
ਗਰਭ ਵਿੱਚ ਪਈ ਬੂੰਦ ਮੋਤੀ 'ਚ ਵਟਦੀ ਹੈ...
ਜਦ ਜਦ ਪੈਰਾਂ 'ਚ ਪਈ ਝਾਂਜਰ
ਤਿੱਖੀ ਲੈਅ 'ਚ ਛਣਕਦੀ ਹੈ...
ਉਸੇ ਵੇਲੇ –
ਮੇਰੀਆਂ ਰਗ਼ਾਂ 'ਚ ਵਹਿ ਰਹੀ
ਅੰਤਹੀਣ ਪਿਆਰ ਦੀ ਨਦੀ ਖੌਲਦੀ ਹੈ!

ਜਦ ਕਲੀ ਪੱਤਿਆਂ ਨਾਲ਼ ਖਹਿ ਕੇ
'ਸਰਸਰਾਹਟ' ਦੀ ਸੋਜ਼ਮਈ ਧੁਨ ਗਾਉਂਦੀ ਹੈ...
ਜਦ ਜਦ ਝਨਾਂ ਦੇ ਪਾਣੀ ਦੀ ਅਤੇ
ਤਪਦੀਆਂ ਰੇਤ ਦੀਆਂ ਲਹਿਰਾਂ ਦੀ ਯਾਦ ਆਉਂਦੀ ਹੈ....
ਜਦ ਜਦ ਵਾਦੀਆਂ 'ਚ ਪਈ ਭਾਫ਼ ਛੱਡਦੀ ਬਰਫ਼
ਪਾਣੀ ਬਣਨ ਲਈ ਪਿਘਲਦੀ ਹੈ...
ਜਦ ਜਦ ਅੰਬਾਂ ਤੇ ਲਗਦਾ ਬੂਰ ਹੈ...



Academy of the Punjab in North America: http://www.apnaorg.com

ਉਸੇ ਵੇਲੇ –
ਮੇਰੀਆਂ ਸੱਧਰਾਂ ਤੇ ਸੁਪਨੇ ਅੰਤਹੀਣ ਪਿਆਰ ਦੀ
ਹਨੇਰੀ ਨਾਲ਼ ਵਹਿ ਟੁਰਦੇ ਹਨ!
ਹੁਣ ਕਦੇ ਵੀ –
ਜਦ ਆਬਸ਼ਾਰ ਨਹੀਂ ਧੜਕੇਗੀ...
ਜਦ ਜਦ ਨਦੀ ਗੀਤ ਨਾ ਗਾਵੇਗੀ...
ਜਦ ਜਦ ਜ਼ਖ਼ਮ ਦਰਦ ਵਾਸਤੇ ਨਾ ਤੜਪੇਗਾ...
ਜਦ ਜਦ ਬੂੰਦ ਮੋਤੀ ਨਾ ਬਣੇਗੀ....
ਜਦੋਂ ਕਦੇ ਵੀ ਅੰਬੀਆਂ ਨੂੰ ਬੂਰ ਨਾ ਲੱਗੇਗਾ....
ਉਦੋਂ ਵੀ ਮੇਰੀਆਂ ਰਗ਼ਾਂ 'ਚ
ਅੰਤਹੀਣ ਪਿਆਰ ਉਬਾਲੇ ਖਾਵੇਗਾ...
ਉਦੋਂ ਵੀ ਹਰ ਵੇਲੇ ਆਪਣੇ ਮਹਿਬੂਬ ਦੀ ਯਾਦ 'ਚ
ਦਰਦੀਲੇ ਗੀਤ ਗਾਵੇਗਾ...
ਇਸ ਅੰਤਹੀਣ ਪਿਆਰ ਦੇ
ਕੰਪਨ ਦੀ ਜਵਾਲਾ ਜਲਦੀ ਰਹੇਗੀ....
ਅਨੰਤਕਾਲ ਤੱਕ!...
ਅਤੇ ਸ੍ਰਿਸ਼ਟੀ ਦੇ ਵਿਨਾਸ਼ ਤੋਂ ਬਾਅਦ
ਏਹੀ ਅੰਤਹੀਣ ਪਿਆਰ ਖਲਾਅ 'ਚ ਭਟਕੇਗਾ....
ਆਪਣੇ ਮਹਿਬੂਬ ਵਾਸਤੇ
ਹਰ ਪਿਘਲਦੇ ਪਲ ਤਰਸੇਗਾ!






Academy of the Punjab in North America: http://www.apnaorg.com

# ਰੰਗ

ਰੰਗਾਂ ਦਾ ਇੱਕ ਕਾਫ਼ਿਲਾ
ਸੋਚਾਂ ਨਾਲ਼ ਟੁਰ ਪਿਆ!
ਭੇਤ ਡੂੰਘੇ ਜੀਵਨ ਦਾ
ਨੈਣਾਂ 'ਚ ਮੇਰੇ ਘੁਲ ਗਿਆ!
ਜ਼ਿੰਦਗੀ ਜਦ ਗੀਤ ਗਾਉਂਦੀ
ਟੁਰਦੀ ਹੈ ਮਟਕ ਚਾਲੇ!
ਛਾਉਂਦੇ ਨੇ ਜਦੋਂ ਨੈਣਾਂ 'ਚ
ਰੰਗਾ ਦੇ ਵਲਵਲੇ!
ਜੀਵਨ ਦੇ ਸੱਭੇ ਭੇਤ
ਰੰਗਾ 'ਚ ਵਟਦੇ ਨੇ!
ਇੱਕ ਸੁਪਨਈ ਨਕਸ਼
ਦਿਲਾਂ 'ਤੇ ਜਾ ਸਿਰਜਦੇ ਨੇ!
ਰੰਗਾ ਦੀਆਂ ਕਿਰਨਾਂ ਜਦ
'ਕੱਠੀਆਂ ਹੋ ਕੇ ਚੱਲਦੀਆਂ ਨੇ!
ਇੱਕ-ਦੂਸਰੇ 'ਚ ਰਲ
ਇੱਕ ਸੂਰਜ 'ਚ ਵਟਦੀਆਂ ਨੇ!






Academy of the Punjab in North America: http://www.apnaorg.com

# ਨੀਲੀਆਂ ਚੁਨਰੀਆਂ

ਨੀਲੀਆਂ ਚੁਨਰੀਆਂ ਜਦੋਂ ਧੁੱਪ ਦੀ ਜਵਾਨੀ ਨੂੰ,
ਹਨੇਰੇ ਨਾਲ਼ ਢਕਦੀਆਂ ਨੇ,
ਉਦੋਂ ਤੇਰੀ ਯਾਦ ਆਉਂਦੀ ਹੈ!
ਜਦੋਂ ਉਮੜਦੀਆਂ ਲਹਿਰਾਂ ਕਿਨਾਰੇ ਦੀ ਰੇਤ ਨਾਲ਼,
ਗਲ਼ਵੱਕੜੀ ਪਾ ਤੜਪਦੀਆਂ ਨੇ,
ਉਦੋਂ ਤੇਰੀ ਯਾਦ ਆਉਂਦੀ ਹੈ!
ਕੰਬ ਰਹੀਆਂ ਨੇ ਚਿਰਾਗ਼ਾਂ ਦੀਆਂ ਰੌਸ਼ਨੀਆਂ,
ਅੱਖਰ-ਅੱਖਰ ਨਜ਼ਮ ਪਿਘਲ ਰਹੀ ਹੈ –
ਫੈਲਦੇ ਹੋਏ ਵਿਕੋਲਿਤ੍ਰੇ ਖ਼ਿਆਲ –
ਜਦੋਂ ਤੇਰੇ ਛਣਕਦੇ ਹਾਸਿਆਂ ਦੇ
ਗਿਰਦ ਘੁੰਮਰ ਪਾਉਂਦੇ ਨੇ –
ਉਦੋਂ ਤੇਰੀ ਯਾਦ ਆਉਂਦੀ ਹੈ!
ਅੱਖੀਆਂ 'ਚੋਂ ਡਲਕ ਰਿਹਾ ਤੁਪਕਾ –
ਤਰਸਦਾ ਹੈ ਇੱਕ ਬੂੰਦ ਧੁੱਪ ਦੇ ਲਈ –
ਤੇ ਮਨ ਅਤੀਤ ਦੇ ਸਾਹਿਰਾ 'ਚ ਭਟਕਦਾ ਹੈ –
ਡੂੰਘੀਆਂ ਨੀਝਾਂ 'ਚ ਡੁੱਬੇ ਨੈਣ
ਜਦੋਂ ਤਿੱਤਰਖੰਭੀ ਬੱਦਲ ਬਣ –
ਗਿੱਲੀਆਂ ਸੋਚਾਂ ਦਾ ਸਰਾਪ ਹੰਢਾਉਂਦੇ ਨੇ –
ਉਦੋਂ ਤੇਰੀ ਯਾਦ ਆਉਂਦੀ ਹੈ!





Academy of the Punjab in North America: http://www.apnaorg.com

# ਟੱਪੇ

ਸਾਡੇ ਕੋਲ ਖਲੋ ਮਾਹੀਆ!
ਅਸਾਂ ਰੌਸ਼ਨੀ ਜਲਾਈ ਹੈ –
ਤੂੰ ਵੀ ਲੈਂਦਾ ਜਾ ਲੋਅ ਮਾਹੀਆ!

ਸੁਪਨੇ ਤਰਸਦੇ ਰਹਿੰਦੇ ਨੇ!
ਵਰ੍ਹਿਆਂ ਦੇ ਵਰ੍ਹੇ ਵੇਖੋ –
ਕਿਵੇਂ ਪਾਣੀ ਵਾਂਗ ਵਹਿੰਦੇ ਨੇ!

ਵੇਖੋ! ਨਵਾਂ ਵਰ੍ਹਾ ਚੜ੍ਹ ਆਇਆ!
ਸਾਡੇ ਦਿਲੀਂ ਕਸਕ ਰਹੀ–
ਕਿਉਂ ਤੂੰ ਨਹੀਂ ਆਇਆ!

ਜ਼ਿੰਦਗੀ ਦੀ ਹੱਸਦੀ ਨੁਹਾਰ ਵੇਖੋ!
ਬਾਹਰ ਤਾਂ ਖ਼ੁਸ਼ਬੋਈ ਹੈ–
ਅੰਦਰ ਗ਼ਮਾਂ ਦੇ ਖ਼ਾਰ ਵੇਖੋ!

ਕੋਇਲਾਂ ਦੀ ਕੂਕ ਸੁਣੇਂਦੀ ਏ!
ਇੱਕ ਤੇ ਤੂਫ਼ਾਨ, ਦੂਜੀ
ਮਨ ਵਿੱਚ ਹੂਕ ਸੁਣੇਂਦੀ ਏ!

ਡਾਲੀ ਨਾਲ ਫੁੱਲ ਨੇ ਲਟਕ ਰਹੇ!
ਇੱਕ ਤੇਰੇ ਬਾਝੋਂ ਸੋਹਣਿਆਂ –
ਅਸੀਂ ਦਰ ਦਰ ਭਟਕ ਰਹੇ!

ਵੇਖੋ! ਸੱਧਰਾਂ ਦਾ ਹੜ੍ਹ ਆਇਆ!
ਨਵੀਆਂ ਉਮੀਦਾਂ ਲੈ ਕੇ –
ਇਹ ਨਵਾਂ ਵਰ੍ਹਾ ਚੜ੍ਹ ਆਇਆ!





Academy of the Punjab in North America: http://www.apnaorg.com

## ਯਾਦਾਂ

ਚਿਰਾਗ਼ਾਂ 'ਚੋਂ ਨਿੱਕਲਦੀਆਂ ਜਦ,
ਰੌਸ਼ਨੀਆਂ ਗੁੱਲ ਹੋਣਗੀਆਂ!
ਪਰਤ-ਦਰ-ਪਰਤ ਉਦੋਂ,
ਯਾਦਾਂ ਤੇਰੀਆਂ ਆਉਣਗੀਆਂ!
ਜੁਦਾਈ ਦੇ ਬੋਝਿਲ ਸੀਤ ਹਨੇਰੇ,
ਡਾਹਢੇ ਤੜਪਾਉਣਗੇ!
ਤੇਰੀ ਯਾਦ ਦੇ ਪੰਖੇਰੂ
ਸਾਡੀਆਂ ਸੋਚਾਂ 'ਚ ਆ ਡੇਰਾ ਲਾਉਣਗੇ!
ਹੱਥਾਂ ਵਿੱਚੋਂ ਮੱਛਲੀ ਵਾਂਗ,
ਤਿਲਕ ਤਿਲਕ ਜਾਵੇਗੀ!
ਤੇਰੀ ਯਾਦ ਦੀ ਸੀਤ ਹਨੇਰੀ,
ਸਾਨੂੰ ਚੀਰਦੀ ਜਾਵੇਗੀ!
ਸਾਡੇ ਮਨਾਂ ਦੇ ਵਿਹੜੇ ਵਿੱਚ,
ਥੋਹਰਾਂ ਉੱਗ ਆਉਣਗੀਆਂ!
ਮੇਰੇ 'ਕੱਲੇ ਪਿਆਰ ਦੀਆਂ ਕੂੰਜਾਂ,
ਚੀਖ਼-ਦਿਹਾੜਾ ਪਾਉਣਗੀਆਂ!
ਤੇਰੇ ਮੁੱਖੜੇ ਦਾ ਤੇਜ ਜਦ,
ਮੇਰੀਆਂ ਅੱਖਾਂ ਚੁੰਧਿਆਵੇਗਾ!
ਤੇਰੀ ਯਾਦ ਦਾ ਦਰਿਆ,
ਸਾਨੂੰ ਹੜ੍ਹਾ ਕੇ ਲੈ ਜਾਵੇਗਾ!
ਪੀਲ਼ੇ ਪੱਤੇ ਜਿਵੇਂ ਟੁੱਟ-ਟੁੱਟ
ਹੜ੍ਹਦੇ ਨੇ ਪਾਣੀਆਂ 'ਚ!
ਉਵੇਂ ਹੀ ਹੜ੍ਹ ਜਾਵਾਂਗੇ ਅਸੀਂ
ਜ਼ਿੰਦਗੀ ਦੇ ਪਾਣੀਆਂ 'ਚ!





Academy of the Punjab in North America: http://www.apnaorg.com

# ਯਾਦ ਪਰਤ


ਜ਼ਿੰਦਗੀ ਦੇ ਸੁੱਖਾਂ ਦੀ ਝੋਲੀ ਵਿੱਚੋਂ,
ਸਾਰੇ ਮੋਤੀ ਡੁੱਲ੍ਹ ਜਾਣਗੇ।
ਦੋ ਨਹੀਂ ਤਾਂ ਚਾਰ ਵਰ੍ਹੇ ਬਾਅਦ,
ਦੋਸਤ ਸਾਨੂੰ ਭੁੱਲ੍ਹ ਜਾਣਗੇ।
ਸਾਥ ਗੁਜ਼ਾਰੇ ਵੇਲਿਆਂ ਦੀ ਯਾਦ
ਬੜੀ ਤੜਪਾਏਗੀ।
ਉਮਰਾਂ ਦੀ ਗਾਨੀ ਜਦ
ਸਾਡੇ ਗਲ਼ ਨੂੰ ਘੁੱਟਦੀ ਜਾਏਗੀ।
ਤ੍ਰਿੰਝਣ ਦੀਆਂ ਕੁੜੀਆਂ ਵਾਂਗ
ਅਸੀਂ ਮਿਲਣ ਲਈ ਤਰਸਾਂਗੇ।
ਨਾਲ਼ੇ ਖਿੱਲਰੇ ਯਾਦ ਦੇ ਮੋਤੀ
ਅੱਥਰੂ ਬਣ ਕੇ ਵਰਸਣਗੇ।
ਹਰ ਰਾਤ ਯਾਦ ਦੇ ਪੰਖੇਰੂ,
ਉੜ ਉੜ ਆਉਣਗੇ।
ਤੇ ਸਵੇਰ ਹੋਣ 'ਤੇ
ਕਿਤੇ ਦੂਰ ਉੜ ਜਾਣਗੇ।
ਜੀਵਨ ਦੇ ਝੰਝਟਾਂ 'ਚ
ਜਦ ਰੂਹ ਘੁਮੇਟੇ ਖਾਏਗੀ।
ਉਦੋਂ ਹੀ ਪੁਰਾਣੇ ਬੇਲੀਆਂ ਦੀ
ਯਾਦ ਪਰਤ ਲਹਿ ਜਾਏਗੀ।



Academy of the Punjab in North America: http://www.apnaorg.com

# ਪਿਆਰ

ਮੈਂ ਤੇਰੀਆਂ ਅੱਖਾਂ ਵਿੱਚ
ਜਿਹੜਾ ਪਿਆਰ ਦੇਖਿਆ ਸੀ,
ਉਸ ਨਿਸ਼ਬਦ ਸੰਗੀਤ ਦਾ ਕੰਪਨ,
ਅੱਜ ਵੀ ਮੇਰੇ ਮਨ ਅੰਦਰ ਗੂੰਜਦਾ ਹੈ!
ਅਸੀਂ ਚਾਹੇ ਕੋਈ ਵੀ ਵਾਅਦਾ ਨਹੀਂ ਕਰ ਸਕੇ,
ਕੋਈ ਵੀ ਸੁਪਨਾ ਨਹੀਂ ਸਿਰਜ ਸਕੇ,
ਪਰ ਫਿਰ ਵੀ ਕੱਚੇ ਦਿਨਾਂ ਦੀ ਬੁਲਬੁਲ ਨੇ
ਜਿਹੜੇ ਨਗ਼ਮੇ ਸਾਨੂੰ ਸੁਣਾਏ ਸੀ –
ਉਹਨਾਂ ਨਗ਼ਮਿਆਂ ਦੀ ਗੂੰਜ
ਅੱਜ ਵੀ ਸਾਡੇ ਮਨਾਂ ਦੇ ਮਾਰੂਥਲ 'ਚ ਗੂੰਜਦੀ ਹੈ!
ਅੱਜ ਚਾਹੇ ਅਸੀਂ ਇੱਕ ਦੂਸਰੇ ਤੋਂ ਵੱਖਰੇ –
ਸਮੇਂ ਦੇ ਰੱਥ ਵਿੱਚ ਰਿੜ ਰਹੇ ਹਾਂ.....
ਬੀਤੇ ਪਲਾਂ ਦੇ ਧਾਗੇ ਨਾਲ਼
ਯਾਦਾਂ ਦਾ ਜਾਲ਼ ਉਣ ਰਹੇ ਹਾਂ....
ਪਰ ਫੇਰ ਵੀ ਸਾਡੇ ਮਨਾਂ 'ਚ ਜਿਹੜਾ ਪਿਆਰ ਹੈ –
ਉਹ ਸਦੈਵ ਰਹੇਗਾ....





Academy of the Punjab in North America: http://www.apnaorg.com

# ਤੇਰੀ ਯਾਦ


ਤੇਰੀ ਯਾਦ ਦੀ ਬਿਜਲੀ ਲਹਿਰ ਨੇ
ਇੱਕ ਵੇਰ ਫੇਰ ਮੇਰੇ ਦਿਲ ਨੂੰ ਆ ਘੇਰਿਆ-
ਅੱਖੀਆਂ 'ਚ ਇੱਕ ਤੂਫ਼ਾਨ ਦਾ ਵਹਿਣ ਵਹਿ ਤੁਰਿਆ...
ਮੈਂ ਖ਼ਾਨਾਬਦੋਸ਼ ਵਾਂਗ ਹਰ ਸੁਲਗਦੀ ਰਾਤ
ਤੇਰੇ ਲਈ ਕਿੰਝ ਭਟਕਦਾ ਹਾਂ!
ਤੇਰਾ ਮੁਸਕ੍ਰਾਹਟ ਭਰਿਆ ਚਿਹਰਾ-
ਕਿੰਝ ਬੱਦਲਾਂ ਵਾਂਗ
ਮੇਰੇ ਮਨ ਦੇ ਗਗਨ 'ਚ ਫੈਲ ਜਾਂਦਾ ਹੈ।
ਮੇਰੇ ਖ਼ਿਆਲਾਂ ਦੇ ਖੰਭ ਤੜਪਦੇ ਹੋਏ
ਰਹੱਸਮਈ ਖਲਾਅ 'ਚ ਭਟਕਦੇ ਨੇ...
ਕਿੰਨੇ ਨਿੱਘੇ ਸਨ ਉਹ ਦਿਨ!
ਜਦ ਹਰ ਚੜ੍ਹਦੇ ਸੂਰਜ ਦੀ ਰੌਸ਼ਨੀ ਨਾਲ਼
ਤੇਰਾ ਹੀ ਮੁੱਖ ਦਿਸਦਾ ਸੀ-
ਪਰ ਹੁਣ ਇਹ ਕਫ਼ਨ ਜਿਹੇ ਸਫ਼ੈਦ ਦਿਨ,
ਅਤੇ ਮੌਤ ਜਿਹੀਆਂ ਸਿਆਹ ਰਾਤਾਂ,
ਬੀਤਦੀਆਂ ਨਹੀਂ-
ਇੱਕ ਸਦੀ ਜਿੰਨੀ ਲੰਮੀ ਹੋ ਗਈ ਹੈ ਰਾਤ!
ਚੱਲ ਛੱਡ ਅਮਨਦੀਪ!
ਉਮਰ ਦੀ ਕਾਲੀ ਸੜਕ ਉੱਤੇ
ਅਜੇ ਹੋਰ ਕਿੰਨੇ ਮੁਕਾਮ ਆਉਣੇ ਨੇ!
ਪਰ ਮੈਨੂੰ ਪਤਾ ਹੈ-
ਹਰ ਮੁਕਾਮ ਤੇ ਤੇਰੀ ਯਾਦ ਉੱਭਰੇਗੀ-
ਲੰਮੀ ਸੜਕ ਤੇ ਮੀਲ-ਪੱਥਰ ਬਣ...



Academy of the Punjab in North America: http://www.apnaorg.com

# ਉਦਾਸੀ ਦੇ ਖੰਭ

ਉਦਾਸੀ ਦੇ ਖੰਭਾਂ ਦੀ ਰੂੰਈ ਜਿਹੀ
ਜਦੋਂ ਮਨ ਨੂੰ ਆ ਢਕਦੀ ਹੈ।
ਜਦੋਂ ਦਰਦ ਦੀ ਬੱਦਲੀ ਜਿਹੀ
ਅੱਥਰੂ ਬਣ ਵਰਸਦੀ ਹੈ।
ਉਦਾਸੀ ਤੇ ਅੱਥਰੂਆਂ ਵਿਚਕਾਰ
ਇੱਕ ਰਿਸ਼ਤੇ ਦਾ ਨਕਸ਼ ਉੱਭਰ ਆਉਂਦਾ ਹੈ...
ਹਰ ਅੱਥਰੂ ਗੱਲ੍ਹਾਂ ਦੀ ਰੇਤ 'ਤੇ
ਇੱਕ ਪੈੜ ਛੱਡ ਜਾਂਦਾ ਹੈ।
ਉਦਾਸੀ ਦੀ ਧੁੱਪ ਦਾ ਕਤਰਾ-ਕਤਰਾ
ਸਾਡੇ ਰੋਮ ਰੋਮ 'ਚ ਵਹਿੰਦਾ ਹੈ।
ਇੰਝ ਹੀ ਦਰਦ ਸੂਲਾਂ ਬਣ -
ਸਾਡੇ ਹੱਡਾਂ ਨੂੰ ਖੋਰਦਾ ਰਹਿੰਦਾ ਹੈ।






Academy of the Punjab in North America: http://www.apnaorg.com

# ਅਧੂਰੀ ਨਜ਼ਮ

ਇੱਕ ਤੜਪ ਜਿਹੀ ਵਹਿੰਦੀ ਰਹੀ ਦਰਿਆ ਬਣਕੇ!
ਸੀਨੇ ਠਰਦੇ ਰਹੇ ਅਤੇ ਅਸੀਂ ਟੁਰਦੇ ਰਹੇ –
ਜ਼ਿੰਦਗੀ ਦੇ ਪੰਧ ਲੰਮੇਰੇ ਸੀਗੇ –
ਪਰ ਤੜਪ ਦਾ ਵੇਗ ਸੀ –
ਜਿਹੜਾ ਮਜ਼ਬੂਰ ਕਰ ਰਿਹਾ ਸੀ!
ਉਹ ਤੜਪ ਪਤਾ ਨਹੀਂ ਕਿਸਦੇ ਲਈ ਸੀ –
ਕਿਸ ਹੁਸੀਨ ਮੰਜ਼ਿਲ ਲਈ ਸੀ?
ਕਦੇ ਵੀ ਉਸ ਹਸੀਨ ਮੰਜ਼ਿਲ ਦੇ
ਖ਼ਿਆਲੀ ਅਕਸ ਨੇ ਹਕੀਕਤ ਦਾ ਲਿਬਾਸ ਨਾ ਪਾਇਆ!
ਅਸੀਂ ਪੁੱਛਦੇ ਰਹੇ ਤੇ ਟੁਰਦੇ ਗਏ
ਉਸਦੀ ਤਲਾਸ਼ ਵਿੱਚ!
ਪਰ ਹਰ ਮੋੜ ਤੇ ਅਸਫ਼ਲਤਾ ਮਿਲੀ!
ਕਿਸੇ ਵੀ ਮੋੜ ਤੇ ਉਸਦੇ ਦੀਦਾਰ ਨਾ ਹੋਏ –
ਬੱਸ ਸੁਪਨਈ ਖ਼ਿਆਲ ਹੀ ਸੀਗੇ
ਜਿਹਨਾਂ ਨੇ ਜਿੰਦਾ ਰੱਖਿਆ,
ਟੁਰਦੇ ਰੱਖਿਆ!
ਇੱਕ ਅਜਿਹਾ ਬਿੰਬ,
ਅਜਿਹਾ ਨਕਸ਼,
ਜਿਸਦੇ ਵਿੱਚੋਂ ਨੂਰ ਦੇ ਝਲਕਾਰੇ ਪੈਂਦੇ ਨੇ –
ਇੱਕ ਸੁਪਨਾ, ਇੱਕ ਖ਼ਿਆਲ!
ਜੋ ਇੱਕ ਤੜਪ,
ਇੱਕ ਪੀੜ ਬਣ ਚੁੱਕਾ ਹੈ...
ਕੱਚੇ ਸੁਪਨੇ,
ਤਿੱਖੀਆਂ ਪਿਆਸਾਂ...
ਇਹ ਸੰਸਾਰਿਕ ਜਗੀਰਾਂ
ਜਿਸ ਪਿਆਸ ਨੂੰ ਨਹੀਂ ਬੁਝਾ ਸਕਦੀਆਂ!





Academy of the Punjab in North America: http://www.apnaorg.com

## ਯਾਦ

ਬੀਤ ਚੁੱਕੇ ਸਮੇਂ ਦੀ ਧੂੜ
ਤੇਰੀਆਂ ਅੱਖਾਂ 'ਚ ਭਰਦੀ ਜਾਏਗੀ।
ਜ਼ਿੰਦਗੀ ਦੇ ਦੁੱਖਾਂ ਦੀ ਖ਼ਾਰ
ਤੇਰੇ ਹੱਡਾਂ ਨੂੰ ਖੋਰਦੀ ਜਾਏਗੀ।
ਜਦ ਬੁੱਲ੍ਹੀਆਂ 'ਚ ਤੇਰੇ
ਮੁਸਕ੍ਰਾਹਟ ਨਾ ਖੇਡੇਗੀ –
ਜਦ ਚਿਹਰੇ 'ਤੇ ਤੇਰੇ
ਟੁਰ ਗਏ ਦੀ ਉਦਾਸੀ ਛਾਏਗੀ...
ਉਦੋਂ ਪਹਿਲਾਂ ਤੋਂ ਵੀ ਜ਼ਿਆਦਾ
ਤੈਨੂੰ ਮੇਰੀ ਯਾਦ ਆਏਗੀ!






Academy of the Punjab in North America: http://www.apnaorg.com

# ਸੁਰਾਹੀ

ਇੱਕ ਸਾਗਰ ਖੇਡਦਾ ਹੈ
ਤੇਰੇ ਨੈਣਾਂ ਵਿੱਚ!
ਇੱਕ ਸ਼ਮਾ ਜਲਦੀ ਹੈ
ਤੇਰੇ ਚਿਹਰੇ ਵਿੱਚ!
ਹਾਏ! ਮੈਂ ਤੇਰੇ ਮੁੱਖ ਦੀ
ਚਾਂਦਨੀ 'ਚ ਜੀ ਜਾਵਾਂ।
ਤੇਰੇ ਨੈਣਾਂ ਦੀ ਸੁਰਾਹੀ ਨੂੰ
ਡੀਕ ਲਾ ਕੇ ਪੀ ਜਾਵਾਂ।





Academy of the Punjab in North America: http://www.apnaorg.com

# ਖ਼ਾਮੋਸ਼ ਰਾਤ

ਖ਼ਾਮੋਸ਼ ਰਾਤ ਕੁੱਝ ਤਾਂ ਬੋਲ
ਜ਼ਿੰਦਗੀ ਦੀਆਂ ਯਾਦਾਂ ਦੀ ਗਠੜੀ ਨੂੰ ਖੋਲ੍ਹ
ਸਮਾਂ ਜੋ ਬੀਤਿਆ ਸੋ ਬੀਤਿਆ
ਉਸਨੂੰ ਸੋਚਣ ਦੀ ਕੀ ਲੋੜ?
ਰਾਤ ਤੂੰ ਕੁੱਝ ਨਾ ਬੋਲ
ਯਾਦਾਂ ਨੂੰ ਸਮਾ ਲੈ ਆਪਣੇ ਅੰਕ ਵਿੱਚ
ਤਾਂ ਜੋ ਮੈਂ ਸ਼ਾਂਤ ਹੋ ਜਾਵਾਂ
ਅਤੇ ਸੁਪਨਿਆਂ ਦੀ ਉਡੀਕ 'ਚ ਸੌਂ ਜਾਵਾਂ!






Academy of the Punjab in North America: http://www.apnaorg.com

# ਅੰਤਰਿਮ ਮੁਸਕਾਣ

ਸ਼ਾਮਾਂ ਪੈ ਗਈਆਂ!
ਕਿਸ਼ਤੀਆਂ ਮੁੜ ਪਈਆਂ!
ਅਸੀਂ ਪਿੰਡੇ ਤੇ ਹੰਢਾਏ
ਤੇਰੇ ਹਾਸਿਆਂ ਦੇ ਬਾਣ!
ਤੇਰੀ ਚੁੱਪੀ ਸਭ ਕਹਿ ਗਈ!
ਮੇਰੀ ਜਿੰਦ ਕੱਢ ਲੈ ਗਈ!
ਗੱਲ ਛਿਣਾਂ ਵਿੱਚ ਕਹਿ ਗਈ –
ਤੇਰੀ ਨਿੰਮੀ ਮੁਸਕਾਣ!
ਮੈਂ ਚੁੱਪ ਗੁੰਮਸੁੰਮ!
ਤੇਰੇ ਨੈਣ ਰਿੰਮ ਝਿੰਮ!
ਸਾਡੇ ਸੀਨੇ ਬਣੀ ਚੀਸ –
ਤੇਰੀ ਲੰਮੀ ਰੁਸਵਾਈ!
ਤੇਰੀ ਅੰਤਿਮ ਮੁਸਕਾਣ!
ਪਾ ਗਈ ਦਿਲ 'ਚ ਨਿਸ਼ਾਨ!
ਲੱਗੇ ਜ਼ਿੰਦਗੀ ਨੂੰ ਰੋਗ –
ਪੈ ਗਈ ਉਮਰ ਦੀ ਜੁਦਾਈ!





Academy of the Punjab in North America: http://www.apnaorg.com

# ਗ਼ਜ਼ਲ - ਵਿਸਮਾਦ

ਜਿਸਮ 'ਚ ਇੱਕ ਵਿਸਮਾਦ ਜਿਹਾ ਵਹਿ ਰਿਹਾ!
ਭਖ ਰਹੀ ਜਵਾਲਾ ਦੀ ਅਬੋਲ ਕਹਾਣੀ ਕਹਿ ਰਿਹਾ!
ਅਸੀਂ ਚੁੱਪ ਹਾਂ ਮੌਸਮ ਦੇ ਇੰਤਜ਼ਾਰ ਵਿੱਚ!
ਉਡੀਕ ਰਹੇ ਹਾਂ ਦਰਦ ਨੂੰ ਤੇਰੇ ਪਿਆਰ ਵਿੱਚ!
ਵਾਅਦਿਆਂ ਦੀਆਂ ਸੂਖ਼ਮ ਜ਼ੰਜੀਰਾਂ 'ਚ ਬੱਝੇ ਹੋਏ!
ਅਸੀਂ ਤੇਰੇ ਬਾਝੋਂ ਕਿੰਝ ਬੁੱਸ-ਬੁੱਸ ਰੋਏ!
ਪਰਦੇਸੀ! ਤੂੰ ਇੱਕ ਵਾਰ ਹੀ ਬੋਲ ਕਦੇ!
ਆਪਣੇ ਮਨ 'ਚ ਬੱਝੀ ਪਿਆਰ ਦੀ ਗਠੜੀ ਖੋਲ੍ਹ ਕਦੇ!





Academy of the Punjab in North America: http://www.apnaorg.com

## ਅਬੋਲ ਬੋਲ


ਅਸੀਂ ਅਬੋਲ ਬੋਲਾਂ ਦੀ
ਭੀੜੀ ਸਰਦਲ ਤੋਂ ਅੱਗੇ ਨਾ ਲੰਘ ਸਕੇ,
ਚੁੱਪਚਾਪ ਅਸਾਂ ਜ਼ਿੰਦਗੀ ਦੇ ਯਥਾਰਥ ਨੂੰ
ਆਪਣੇ ਮੱਥੇ ਤੇ ਪ੍ਰਵਾਨ ਕੀਤਾ!
ਅਸੀਂ ਕਿਉਂ ਦੂਰ ਦੂਰ ਖੜੇ, ਤੜਪਦੇ ਰਹੇ...
ਕਿਉਂ ਦਰਦ ਦੀਆਂ ਜੂਹਾਂ ਕੱਛਦੇ ਰਹੇ...
ਅਬੋਲ ਸੀਗੇ ਸਾਡੇ ਬੋਲ!
ਪਰ ਕੀ ਅੱਖੀਆਂ ਦੀ ਭਾਸ਼ਾ ਕੁੱਝ ਨਹੀਂ ਕਹਿੰਦੀ...
ਤੂੰ ਵੀ ਅੱਖੀਆਂ ਦੇ ਮੂਕ ਸੰਦੇਸ਼ ਭੇਜੇ,
ਮੈਂ ਨਜ਼ਰਾਂ ਚੁਰਾਂਦਾ ਰਿਹਾ...
ਸਮਝ ਕੇ ਵੀ ਬੇਸਮਝ ਰਿਹਾ!
ਤੂੰ ਬਹੁਤ ਕੁੱਝ ਸਮਝਦੀ ਹੋਈ ਵੀ ਚੁੱਪ ਰਹੀ...
ਕਿੰਝ ਅਸੀਂ ਆਪਣੀ ਮਿੱਟੀ ਦੇ ਖੋਲਾਂ 'ਚ
ਹੀ ਬੱਝੇ ਰਹੇ!
ਕਿਉਂ ਨਹੀਂ ਅਸੀਂ ਆਪਣੇ ਹੱਥ
ਇਕਰਾਰ ਦੇ ਵਾਸਤੇ ਅਗਾਂਹ ਵਧਾਏ...
ਮਾਣਸ-ਦੇਹਾਂ ਤਪਦੀਆਂ ਰਹੀਆਂ –
ਆਪਣੇ ਅਰਮਾਨਾਂ ਦੀ ਅੱਗ 'ਚ
ਭੁੱਜਦੀਆਂ ਰਹੀਆਂ –
ਜਨਮਾਂ ਦੀਆਂ ਤੜਪਦੀਆਂ, ਲੁੱਛਦੀਆਂ!
ਕਿੰਝ ਸੁਰੀਲੀਆਂ ਰਾਤਾਂ ਨੂੰ
ਅਸੀਂ ਕਰਵਟਾਂ ਬਦਲੀਆਂ –
ਅਤੇ ਕਿੰਝ ਗਰਮ ਫ਼ਰਸ਼ ਤੇ ਪਏ
ਮੀਂਹ ਦੇ ਠੰਡੇ ਪਾਣੀ 'ਤੇ
ਨੰਗੇ ਪੈਰੀਂ ਟੁਰਦੇ ਅਸੀਂ–
ਖਾਮੋਸ਼ ਰਾਤਾਂ 'ਚ ਚੰਦਰਮਾ ਵੱਲ੍ਹ ਨੂੰ
ਮਜ਼ਬੂਰ ਨਜ਼ਰਾਂ ਨਾਲ਼ ਤੱਕਿਆ ਸੀ –
ਵਕਤ ਦੀ ਗ਼ਰਦਿਸ਼ ਘੁੰਮਣਘੇਰੀਆਂ
ਕੱਢਦੀ ਰਹੀ ਸੀ....
ਅਸੀਂ ਆਪਣੇ ਹੀ ਪਿੰਜਰਿਆਂ 'ਚ ਕੈਦ ਰਹੇ –
ਹਾਏ! ਉਹ ਰਾਤਾਂ ਜੁਦਾਈ ਦੀਆਂ –
ਮੈਂ ਰੋਂਦਾ ਰਿਹਾ – ਕੱਟਦਾ ਰਿਹਾ –
ਪਰ ਤੇਰੇ ਕੂਲੇ ਹੱਥ ਨਹੀਂ ਸਨ –



Academy of the Punjab in North America: http://www.apnaorg.com

ਮੈਨੂੰ ਚੁੱਪ ਕਰਵਾਣ ਵਾਸਤੇ ...
ਤੇਰੇ ਤੋਂ ਬਿਨਾਂ ਕੋਈ ਕਿੰਝ ਕਹਿੰਦਾ –
ਚੁੱਪ ਕਰਵਾਂਦਾ ...
ਅਸੀਂ ਇੰਝ ਹੀ ਪਿਸ ਗਏ
ਵਕਤ ਦੀ ਖ਼ਾਮੋਸ਼ ਗ਼ਰਦਿਸ਼ ਵਿੱਚ...
ਤੇ ਜਦ ਹੋਸ਼ ਆਇਆ ਤਾਂ
ਉਦੋਂ ਕੁੱਝ ਨਹੀਂ ਹੋ ਸਕਦਾ ਸੀ।

ਖ਼ੈਰ! ਅਸੀਂ ਇਹਨਾਂ ਦੇਹੀ-ਨੁਮਾ
ਪਿੰਜਰਿਆਂ ਦੀ ਕੈਦ ਕੱਟ ਰਹੇ ਹਾਂ....
ਧੁੰਧਲੀਆਂ ਅਤੇ ਬੇਸਰੂਪ ਯਾਦਾਂ ਦੇ
ਚੱਲ-ਚਿੱਤਰਾਂ 'ਚ ਗੁੰਮੇ-
ਜ਼ਿੰਦਗੀ ਦਾ ਸੂਤ ਵੱਟ ਰਹੇ ਹਾਂ...
ਅਤੇ ਦੇਹੀ-ਨੁਮਾ ਪਿੰਜਰਿਆਂ ਤੋਂ
ਮਿਲਣ ਵਾਲੀ ਅਜ਼ਾਦੀ ਦੀ ਉਡੀਕ ਕਰ ਰਹੇ ਹਾਂ!





Academy of the Punjab in North America: http://www.apnaorg.com

# ਵਿਛੋੜੇ ਦੀ ਸ਼ਾਮ

ਤੜਪਦੇ ਹੋਏ ਅਸੀਂ ਦਰਦ ਦੇ
ਅੰਬਾਰ ਨੂੰ ਢੋਂਦੇ ਰਹੇ!
ਤੇਰੀ ਇੱਕ ਝਲਕ ਦੇ
ਤ੍ਰਿੱਖੇ ਇੰਤਜ਼ਾਰ ਨੂੰ ਢੋਂਦੇ ਰਹੇ!
ਮਿਲਣ ਦੀ ਸੀਤ ਸਵੇਰ ਸੀ ਉਹ,
ਜਦੋਂ ਤੂੰ ਇੱਕ ਨਜ਼ਰੇ ਤੱਕਿਆ ਸੀ!
ਅਤੇ ਵਿਛੋੜੇ ਦੀ ਤਪਦੀ ਸ਼ਾਮ ਨੂੰ
ਅਸਾਂ ਦਰਦ-ਪਿਆਲਾ ਚੱਕਿਆ ਸੀ!
ਸੂਖ਼ਮ ਛੋਹ ਦੇ ਵਿਸਮਾਦ ਦੀ ਨਬਜ਼ ਨੂੰ-
ਅਸਾਂ ਕੱਪੜੇ ਨਾਲ਼ ਕੱਸ ਕੇ ਬੰਨ੍ਹਿਆ ਸੀ!
ਤੇ ਇੱਕ ਪੀੜ ਦਾ-ਇੱਕ ਪਿਆਸ ਦਾ
ਹਿਜਰ ਪਿਆਲਾ ਭੰਨ੍ਹਿਆ ਸੀ!
ਤੂੰ ਤੇ ਜ਼ਿੰਦਗੀ ਦੇ ਮੇਲਿਆਂ 'ਚ ਗੁੰਮ ਹੋ ਗਿਆ!
ਅੱਖੀਆਂ 'ਚੋਂ ਮਨਫ਼ੀ ਹੋ ਗਿਆ!
ਇੱਕ ਜੀਵਤ-ਬੋਲ ਜਿਹਾ ਜੋ ਬਾਕੀ ਸੀ-
ਮੇਰੀਆਂ ਨਸਾਂ ਦੇ ਵਿੱਚ ਸੌਂ ਗਿਆ!
ਬੋਲ ਜੋ ਫੈਲਿਆ ਹਵਾ 'ਚ
ਉਹ ਕਦੇ ਸੁਣਾਈ ਦੇਵੇਗਾ!
ਜਦ ਮੌਤ ਉਡੀਕੇਗੀ ਮੈਨੂੰ
ਤਦ ਮਹਿਬੂਬ ਦਿਖਾਈ ਦੇਵੇਗਾ!
ਸਮੇਂ ਦੀ ਫ਼ੁਹਾਰ ਨਾਲ਼ ਪਈਆਂ ਝੁਰੜੀਆਂ
ਇੱਕ ਦਰਦ-ਕਹਾਣੀ ਕਹਿਣਗੀਆਂ!
ਤੇਰੇ ਮੇਰੇ ਪਿਆਰ ਦੀ
ਇੱਕ ਖ਼ਤਮ-ਕਹਾਣੀ ਕਹਿਣਗੀਆਂ!





Academy of the Punjab in North America: http://www.apnaorg.com

# ਵਰ੍ਹੇ ਦਾ ਦਰਿਆ

ਯਾਦ ਦਾ ਕੈਨਵਸ –
ਕੋਰਾ ਰਹਿ ਗਿਆ!
ਵਰ੍ਹੇ ਦਾ ਦਰਿਆ
ਪਲ ਭਰ 'ਚ ਵਹਿ ਗਿਆ....
ਏਸ ਵਰ੍ਹੇ ਵੀ ਨੈਣਾਂ 'ਚ
ਪਿਆਸ ਜਿਹੀ ਛਾਈ ਰਹੀ ...
ਏਸ ਵਰ੍ਹੇ ਵੀ ਤੇਰੀ ਝਲਕ ਦੀ
ਦੁਪਹਿਰ ਆਈ ਨਹੀਂ!
ਅਸੀਂ ਸਫ਼ੈਦ ਖੰਭਾਂ ਜਿਹੇ
ਦਿਨਾਂ 'ਚ ਤੜਪਦੇ ਰਹੇ!
ਤੇਰੀ ਖ਼ੁਸ਼ਬੋ ਦੇ
ਵਿਸਮਾਦ ਲਈ ਭਟਕਦੇ ਰਹੇ...
ਕਦੇ ਏਸ ਡਗਰ!
ਕਦੇ ਓਸ ਡਗਰ!
ਪਰ ਕਿਸੇ ਵੀ ਮੋੜ ਤੇ
ਤੇਰਾ ਚਿਹਰਾ ਨਾ ਆਇਆ ਨਜ਼ਰ!
ਤੇਰੇ ਸੁਪਨੇ ਹੀ ਆਉਂਦੇ ਰਹੇ –
ਸਾਡੇ ਬੇਆਸ ਮਨ ਨੂੰ
ਧੀਰਜ ਬੰਨ੍ਹਾਉਂਦੇ ਰਹੇ!
ਪਰ ਇਹ ਸੁਪਨੇ ਕਦ
ਹਕੀਕਤ ਦਾ ਲਿਬਾਸ ਪਾਉਣਗੇ?
ਕਦ ਸਾਡੇ ਮਨ ਦੇ ਬੇਰੌਣਕ ਵਿਹੜੇ ਵਿੱਚ
ਨਿੰਮ੍ਹਾ ਸ਼ੋਰ ਮਚਾਉਣਗੇ?





Academy of the Punjab in North America: http://www.apnaorg.com

# ਅਲਵਿਦਾ ਦੇ ਪਲ

‘ਅਲਵਿਦਾ’ ਕਹੇ ਜਾਣ ਦੀ ਸੂਰਤੇ ਹਾਲ ਜਦ ਆਏਗੀ!
ਮੇਰੀ ਉਦਾਸੀ ਉਦੋਂ ਕੋਈ ਉਦਾਸ ਰਾਗਣੀ ਗਾਏਗੀ!
ਸਾਡੀਆਂ ਭਿੱਜੀਆਂ ਅੱਖਾਂ ‘ਚੋਂ ਅੱਥਰੂ ਕਿਰ ਕਿਰ ਜਾਣਗੇ!
‘ਅਲਵਿਦਾ’ ਦੇ ਉਹ ਪਲ ਸਾਨੂੰ ਡਾਹਢੇ ਤੜਪਾਣਗੇ!
ਸੱਜਰੀਆਂ ਯਾਦਾਂ ਦਾ ਝੌਂਕਾ ਸਾਨੂੰ ਕੰਬਾ ਕੇ ਰੱਖ ਜਾਏਗਾ!
‘ਅਲਵਿਦਾ’ ਦਾ ਗੀਤ ਜਦ ਧੂਹ ਕਾਲਜੇ ਪਾਏਗਾ!
ਤੂੰ ਨਜ਼ਰ ਦੇ ਕਰੀਬ ਹੋ ਫਿਰ ਦੂਰ ਚਲੀ ਜਾਏਂਗੀ!
ਤੇ ਜ਼ਿੰਦਗੀ ਦੇ ਹਸੀਨ ਮੇਲਿਆਂ ‘ਚ ਗੁੰਮ ਹੋ ਜਾਏਂਗੀ!
‘ਅਲਵਿਦਾ’ ਦੇ ਪਲ ਇੱਕ ਦਰਦ ਬਣ ਜਾਣਗੇ!
ਤੇਰੇ ਮੇਰੇ ਸੁਭਾਅ ਦਾ ਇੱਕ ਅੰਸ਼ ਬਣ ਜਾਣਗੇ!



Academy of the Punjab in North America: http://www.apnaorg.com

# ਜੀ ਹੈ ਕਰਦਾ!

ਦੂਰ ਚਲੇ ਜਾਣ ਨੂੰ ਜੀ ਹੈ ਕਰਦਾ
ਨੇੜੇ ਆ'ਣ ਨੂੰ ਜੀ ਹੈ ਕਰਦਾ
ਰੂਹ ਦੀਆਂ ਭੁੱਖੀਆਂ ਕੰਧਾਂ
ਪਾਰ ਕਰਨ ਨੂੰ ਜੀ ਹੈ ਕਰਦਾ
ਜ਼ਿੰਦਗੀ ਦੇ ਲਮਹੇ ਬੜੇ ਹੀ ਛੋਟੇ
ਜ਼ਿੰਦਗੀ ਦੇ ਲਮਹੇ ਬੜੇ ਹੀ ਵੱਡੇ
ਹਾਏ ! ਇਹ ਛੋਟੇ-ਵੱਡੇ ਲਮਹੇ
ਜੀਣ ਨੂੰ ਬੜਾ ਹੀ ਜੀ ਹੈ ਕਰਦਾ!






Academy of the Punjab in North America: http://www.apnaorg.com

# ਮੁਕਤੀ

ਮੇਰੇ ਮਨ – ਪਾਗਲ! ਮੇਰੇ ਹਮਰਾਹੀ!
ਚੱਲ ਅਸੀਂ ਨੂਰ ਦੇ ਝਲਕਾਰਿਆਂ ਦੇ
ਉਸ ਪਾਰ ਚਲੀਏ!
ਇੱਕ ਅਜਬ ਅਨੰਦ ਦੀ ਭਾਲ਼ ਵਿੱਚ....
ਇਸ ਜਿਸਮ ਦੇ ਬੋਝ ਤੋਂ ਹਟਵਾਂ
ਭਾਰਹੀਣ ਅਤੇ ਬੇਸਰੂਪ ਹੋਣ ਦਾ ਅਨੰਦ....
ਮੁਕਤੀ ਦੇ ਇੱਕ ਸ਼ਰਣ-ਸਥੱਲ ਦੀ ਤਲਾਸ਼...
ਨਹੀਂ ਸਹੀ ਜਾਂਦੀ ਹੁਣ
ਬੇਚੈਨ ਰਾਤਾਂ ਦੀ ਅਜੀਬ ਖ਼ਾਮੋਸ਼ੀ...
ਅਤੇ ਅਜੀਬ ਜਿਹੇ ਦਿਨ ਦੇ
ਸ਼ੋਰ ਭਰੇ ਵਾਤਾਵਰਣ ਨੇ
ਜਿਸਮ ਵਿੱਚ ਉਕਤਾਹਟ ਦੀਆਂ
ਸੂਖ਼ਮ ਤਰੰਗਾਂ ਦੌੜਾ ਦਿੱਤੀਆਂ ਨੇ ...
ਇੱਕ ਅਜੀਬ ਜਿਹੀ ਤੜਪ, ਕੰਬਦੀ ਹੋਈ,
ਸਰਸਰਾਹਟ ਭਰੀ ਤੜਪ –
ਜਿਸਮ ਦੇ ਵਿੱਚ ਵਹਿ ਕੇ
ਇੱਕ ਮੌਨ ਖਲਬਲੀ ਮਚਾਉਂਦੀ ਹੈ...
ਅਤੇ ਅਜੀਬ ਜਿਹੀ ਉਕਤਾਹਟ ਦੇ
ਖੰਭਾਂ ਨੂੰ ਫੜਫੜਾਉਂਦੀ ਹੈ....
ਕਿਤੇ ਦੂਰ ਉਡ਼ ਜਾਣ ਦੀ ਤੜਪ
ਉਤੇਜਿਤ ਹੁੰਦੀ ਹੈ..
ਪਰ ਮੋਹ ਦੇ, ਪਿਆਰ ਦੇ ਜਾਲ,
ਸਾਡੇ ਗਿਰਦ ਫੈਲੇ ਹੋਏ ਨੇ...
ਅਸੀਂ ਉਡ਼ ਨਹੀਂ ਸਕਦੇ
ਸਿਰਫ ਖੰਭ ਹੀ ਫੜਫੜਾ ਸਕਦੇ ਹਾਂ...
ਅਤੇ ਉਡਣ ਦੀ ਤੜਪ ਨੂੰ
ਹੋਰ ਤੜਪਾ ਸਕਦੇ ਹਾਂ!





Academy of the Punjab in North America: http://www.apnaorg.com

# ਇੰਤਜ਼ਾਰ!


ਅਸੀਂ ਦਰਦ ਦੇ ਦਰਿਆਉ ਨੂੰ
ਘੁੱਟ ਘੁੱਟ ਪੀਂਦੇ ਰਹੇ...
ਅਤੇ ਵਿਛੋੜੇ ਦੀਆਂ ਰਾਤਾਂ 'ਚ ਤੜਪਦੇ,
ਕਰਵਟਾਂ ਬਦਲਦੇ ਰਹੇ...
ਜਾਨਮ! ਤੂੰ ਨਹੀਂ ਜਾਣਦੈਂ
ਤੇਰੇ ਵਿਛੋੜੇ ਦਾ ਦੁੱਖ ਕਿੰਨਾ ਅਨੰਤ ਏ?
ਤੇਰੀਆਂ ਮ੍ਰਿਗ-ਅੱਖੀਆਂ ਦੀ ਝਲਕ ਲਈ
ਮਨ ਕਿਵੇਂ ਵਿਚਲਿਤ ਹੋ ਰਿਹਾ ਏ?
ਅਸੀਂ ਤੇਰੇ ਵਾਸਤੇ ਹਜ਼ਾਰਾਂ ਸੁਪਨੇ ਸੰਜੋਏ...
ਪਰ ਤੀਲਾ ਤੀਲਾ ਬਿੱਖਰ ਗਏ...
ਉਫ਼! ਮੇਰੇ ਪਿਆਰ...
ਕਿੰਨੇ ਸਾਵਣ, ਕਿੰਨੇ ਬਸੰਤ
ਸਾਡੇ ਬੂਹਿਆਂ ਤੇ ਦਸਤਕ ਦੇ ਕੇ ਪਰਤ ਗਏ...
ਅਸੀਂ ਘਰ ਦੇ ਬਰਾਂਡੇ ਵਿੱਚ,
ਤੇਰੇ ਖ਼ਿਆਲਾਂ 'ਚ ਮਘਨ ਬੈਠੇ,
ਅਪਲਕ ਖਲਾਅ ਨੂੰ ਘੂਰਦੇ ਰਹੇ...
ਇੰਤਜ਼ਾਰ ਕਰਦੇ ਰਹੇ...
ਇੰਤਜ਼ਾਰ!
ਕਿੰਨਾ ਅਰਸਾ ਹੋ ਗਿਐ,
ਇੰਤਜ਼ਾਰ ਕਰਦਿਆਂ!
ਹੁਣ ਹੋਰ ਨਹੀਂ ਕੀਤਾ ਜਾਂਦਾ,
ਕੰਬਖ਼ਤ ਇਹ ਇੰਤਜ਼ਾਰ!

***



Academy of the Punjab in North America: http://www.apnaorg.com

ਹਾਏ! ਇਹ ਇੰਤਜ਼ਾਰ ਦੇ ਲਮਹੇ
ਬੜੇ ਹੀ ਡਾਹਢੇ ਹੁੰਦੇ ਨੇ...
ਪਰ ਅਸੀਂ ਤਨ ਤੇ ਹੰਢਾ ਰਹੇ ਹਾਂ
ਇੰਤਜ਼ਾਰ ਦੇ ਜ਼ਖ਼ਮਾਂ ਨੂੰ...
ਇੱਕ ਖਾਲੀਪਨ ਸਾਡੇ ਅੰਦਰ
ਪਸਰਦਾ ਜਾ ਰਿਹਾ ਹੈ
ਮੇਰੇ ਮਹਿਬੂਬ! ਕਦੋਂ ਤੂੰ ਆ ਕੇ
ਇਸ ਖਾਲੀਪਨ ਦੀ ਪੂਰਤੀ ਕਰੇਂਗਾ?
ਅਜੀਬ ਜਿਹੀ ਜ਼ਿੱਦੀ ਤਨਹਾਈ....
ਅਜੀਬ ਜਿਹਾ ਜ਼ਿੱਦੀ ਵੈਰਾਗ!
ਇਸ ਸਭ ਕਾਸੇ ਵਿੱਚ
ਸਿਰਫ਼ ਤੇਰਾ ਖ਼ਿਆਲ ਹੀ
ਰਾਹਤ ਦਾ ਸ੍ਰੋਤ ਏ....
ਹੁਣ ਹੋਰ ਨਹੀਂ ਸੋਚਿਆ ਜਾਂਦਾ
ਸੋਚਣ ਦੀ ਸੀਮਾ ਦਾ ਅੰਤ ਆ ਗਿਆ ਏ...
ਬੱਸ ਹੁਣ ਤਾਂ ਤੇਰੀ ਹੀ ਉਡੀਕ ਹੈ...
ਸਿਰਫ਼ ਤੇਰੀ!





Academy of the Punjab in North America: http://www.apnaorg.com

# ਮਨ ਮੇਰੇ

ਇਹ ਉਤਸਵ ਜ਼ਿੰਦਗੀ ਦੇ,
ਇਹ ਮਦਹੋਸ਼ ਰਾਤਾਂ...
ਚਲ ਛੱਡ ਤੁਰੀਏ!
ਮਨ ਮੇਰੇ, ਚੱਲ ਮਰ ਚੱਲੀਏ!
ਉਸ ਸਿਤਾਰੇ ਦੇ ਪਾਰ ਚੱਲੀਏ,
ਜਿੱਥੇ ਇਲਾਹੀ ਨੂਰ ਹੈ ਜਗਦਾ....
ਉਸ ਦਰਿਆਉ ਨੂੰ ਪਾਰ ਕਰੀਏ,
ਜਿਸ ਵਿੱਚ ਦਰਦ ਹੈ ਵਗਦਾ...
ਯਾਦਾਂ ਦੀ ਸੌਗਾਤ ਦੇ ਵਿੱਚੋਂ
ਕੁਝ ਫੁੱਲ ਬਸੰਤੀ ਚੁਣੀਏ...
ਫੇਰ ਉਨਾਂ ਨੂੰ ਬੁੱਲਾਂ ਨਾਲ਼ ਚੁੰਮ ਕੇ
ਹੌਲੀ ਹੌਲੀ ਟੁਰ ਚੱਲੀਏ...
ਇੱਕ ਦਿਨ ਤਾਂ ਪੁੱਜ ਜਾਵਾਂਗੇ,
ਉਸ ਬਿੰਬ ਦੇ ਕੋਲ...
ਜਿਸ ਵਿੱਚ ਮੇਰੇ ਸੁਪਨੇ ਦੇ
ਰਚੇ ਹੋਏ ਨੇ ਬੋਲ...
ਉਸ ਸੁਪਨੇ ਲਈ ਤੜਪ ਅਸਾਡੀ
ਕੀ ਕੀ ਰੰਗ ਲਿਆਈ....
ਮਨ-ਪਾਗਲ ਮੇਰੇ ਨੇ
ਗੀਤਾਂ ਦੀ ਸੌਗਾਤ ਬਣਾਈ...
ਅੱਜ ਗੀਤਾਂ ਦੀ ਸੌਗਾਤ ਉਹ ਲੈ ਕੇ,
ਅਸੀਂ ਨੂਰ ਦੇ ਸਰਵਰ ਵੱਲ ਜਾਵਾਂਗੇ....
ਅਤੇ ਅੰਤ ਅਸੀਂ ਮੰਜ਼ਿਲ ਤੇ ਪੁੱਜ ਕੇ,
ਉਸ ਬਿੰਬ ਦੇ ਦੀਦਾਰ ਪਾਵਾਂਗੇ...
ਜਿਸ ਬਿੰਬ ਦਾ ਪ੍ਰਤੀਬਿੰਬ,
ਸਾਡੇ ਅੰਦਰ ਰਚ ਚੁੱਕਿਆ ਹੈ....
ਜਿਸ ਨੂਰ ਦਾ ਪਿਆਰ,
ਸਾਡੇ ਅੰਦਰ ਮਚ ਚੁੱਕਿਆ ਹੈ....
ਇਹ ਅਗਨ ਪਿਆਰ ਦੀ,
ਹੁਣ ਹੋਰ ਨਹੀਂ ਸਹੀ ਜਾਂਦੀ...
ਇਹ ਕਵਿਤਾ ਦਰਦ ਦੀ
ਹੁਣ ਹੋਰ ਨਹੀਂ ਕਹੀ ਜਾਂਦੀ...
ਚੱਲ ਇਸ ਅਧੂਰੀ ਕਵਿਤਾ ਸੰਗ ਟੁਰ ਕੇ,



Academy of the Punjab in North America: http://www.apnaorg.com

ਓਸ ਨੂਰ ਵਿੱਚ ਮਿਲੀਏ....
ਜਾਂ ਫੇਰ ਇੱਕ ਧਾਰਾ ਬਣ ਕੇ
ਦਰਦ-ਸਰਵਰ ਵਿੱਚ ਰਲੀਏ...
ਮਨ ਮੇਰੇ, ਚੱਲ ਟੁਰ ਚੱਲੀਏ
ਓਸ ਪਿਆਰ ਦੇ ਕੋਲ!
ਜਿਸ ਲਈ ਅਸੀਂ ਤੜਪਦੇ ਰਹੇ...
ਭਟਕਦੇ ਰਹੇ...
ਇਸ ਮਾਇਆ-ਨਗਰੀ ਵਿੱਚ
ਤਰਸਦੇ ਰਹੇ...
ਇਸ ਨਗਰੀ ਨੂੰ ਛੱਡ ਕੇ ਹੁਣ
ਉਸ ਨਗਰੀ ਵੱਲ ਚੱਲੀਏ....
ਜਿੱਧਰ ਸਾਡਾ ਮਾਹੀ ਵੱਸਦਾ
ਉਸ ਨਗਰੀ ਚੱਲ ਚੱਲੀਏ...
ਮਨ ਮੇਰੇ, ਚੱਲ ਮਰ ਚੱਲੀਏ...!





Academy of the Punjab in North America: http://www.apnaorg.com

## ਤੜਪ


ਇੱਕ ਦਿਨ ਤੇਰੇ ਪਿਆਰ ਲਈ ਤੜਪ ਤੜਪ ਕੇ
ਮੈਂ ਅੰਦਰੋਂ ਅੰਦਰ ਮਰ ਜਾਵਾਂਗਾ!
ਇਸ ਦੇਹ ਦੇ ਕਫ਼ਨ 'ਚ ਬੱਝਿਆ ਮੈਂ
ਇੱਕ ਦਿਨ ਏਸ ਅਗਨ ਵਿੱਚ ਜਲ਼ ਜਾਵਾਂਗਾ!
ਸਾਡੇ ਬੋਲ ਨੇ ਕਿੰਨੇ ਛੋਟੇ, ਸਾਡੇ ਸੁਪਨੇ ਕਿੰਨੇ ਵੱਡੇ!
ਕਿਸ ਅਸੀਂ ਪੈਗ਼ਾਮ ਪਹੁੰਚਾਈਏ?
ਕਿੰਝ ਜਾਨਮ, ਤੇਰੇ ਪਿਆਰ ਨੂੰ ਪਾਈਏ?
ਸਾਡੇ ਕੱਚੇ ਸੁਪਨੇ, ਕੱਚੇ ਤਨ,
ਭੁਰਦੇ ਭੁਰਦੇ ਆਖਿਰ ਭੁਰ ਜਾਣੇ ਨੇ!
ਤੇ ਤੇਰੇ ਸੱਚੇ ਪਿਆਰ ਦੇ ਸੱਚੇ ਸੁਪਨੇ
ਖ਼ੌਰੇ ਇੰਝ ਹੀ ਖੁਰ ਜਾਣੇ ਨੇ!
ਮਰੇ ਪਿਆਰ ਮੈਂ ਤੇਰੇ ਵਾਸਤੇ
ਕਿੰਝ ਇਸ ਨਗਰ ਵਿੱਚ ਭਟਕ ਰਿਹਾ!
ਕਿੰਝ ਇਸ ਸੁਪਨ-ਜਾਲ ਵਿੱਚ ਲਟਕ ਰਿਹਾ!
ਮੈਂ ਹੱਥ ਵਧਾਉਂਦਾ ਹਾਂ,
ਪਰ ਮੇਰੇ ਹੱਥ ਨੇ ਬੱਝੇ ਹੋਏ!
ਮੈਂ ਬੋਲ ਪੁਗਾਉਂਦਾ ਹਾਂ,
ਪਰ ਮੇਰੇ ਬੋਲ ਨੇ ਖਿੱਲਰੇ ਹੋਏ!
ਮੈਂ ਕਿੰਝ ਖਿੱਲਰੇ ਬੋਲਾਂ ਨੂੰ ਕਰਾਂ ਇੱਕਠੇ?
ਤੇ ਕਿੰਝ ਪੈਗ਼ਾਮ ਪਹੁੰਚਾਵਾਂ?
ਮੇਰੇ ਪਿਆਰ, ਮੈਂ ਕਿੰਝ ਤੇਰਾ ਪਰਛਾਵਾਂ ਪਾਵਾਂ?
ਇਹ ਦਿਨ ਪਤਾ ਨਹੀਂ ਕਿਹੋ ਜਿਹੇ-
ਤੇ ਕਿਹੋ ਜਿਹੀ ਇਹਨਾਂ ਦੀ ਰੰਗਤ ਹੈ...
ਮਨ ਦੇ ਅੰਦਰ ਉੱਠਦੀ ਰੇਤਾ
ਤੇ ਇੱਕ ਤੂਫ਼ਾਨ ਦੀ ਠੰਡਕ ਹੈ!
ਕਿੰਝ ਉਸ ਤੂਫ਼ਾਨ ਨੂੰ ਠੱਲ੍ਹ ਪਾਈਏ?
ਕਿੰਝ ਜਾਨਮ ਤੇਰੇ ਪਿਆਰ ਨੂੰ ਪਾਈਏ?



Academy of the Punjab in North America: http://www.apnaorg.com

# ਤੇਰੇ ਵਗੈਰ

ਮਨ ਬਹੁਤ ਤੜਪਦਾ ਹੈ!
ਤੇਰੇ ਵਗੈਰ- ਇਹ ਕਿੰਝ ਸੋਚਾਂ ਦੇ
ਅਣਜਾਣੇ ਸਾਹਿਰਾ 'ਚ ਭਟਕਦਾ ਹੈ!
ਸਾਵਨ ਵੀ ਆਉਂਦਾ ਹੈ,
ਵਰਸਦਾ ਹੈ, ਤੇ ਚਲਿਆ ਜਾਂਦਾ ਹੈ!
ਪਰ ਸਾਡੇ ਤਪਦੇ ਮਨ ਵਿੱਚ
ਵਸੀ ਪਿਆਸ ਉਂਝ ਦੀ ਉਂਝ ਛੱਡ ਜਾਂਦਾ ਹੈ!
ਬਸੰਤ ਆਉਂਦੀ ਹੈ-
ਫੁੱਲ ਖਿੜਦੇ ਹਨ-
ਪੰਛੀ ਆਪਣੇ ਹਮਨਸ਼ੀਂ ਨਾਲ਼
ਸੁਰੀਲੇ ਨਗ਼ਮੇ ਗਾਉਂਦੇ ਹਨ!
ਪਰ ਇਹ ਖ਼ੂਬਸੂਰਤ ਮੌਸਮ,
ਤੇਰੇ ਵਗੈਰ-
ਮੇਰੇ ਦਿਲ ਨੂੰ ਨਹੀਂ ਭਾਉਂਦੇ!
ਸਗੋਂ ਸੁਲ਼ਗ ਰਹੀ ਪਿਆਸ ਨੂੰ
ਹੋਰ ਨੇ ਭੜਕਾਉਂਦੇ!
ਇੱਕ ਭੀੜ ਹੈ ਚਾਰ ਚੁਫੇਰੇ...
ਪਰ ਮੈਂ ਆਪਣੇ ਆਪ ਨੂੰ
ਇੱਕਲਾ ਮਹਿਸੂਸ ਕਰਦਾ ਹਾਂ!
ਇੱਕ ਤੇਰੇ ਇੰਤਜ਼ਾਰ ਵਿੱਚ -
ਜ਼ਿੰਦਗੀ ਦੇ ਕੋਰੇ ਕੈਨਵਸ 'ਚ
ਸੁਪਨਿਆਂ ਦੇ ਰੰਗ ਭਰਦਾ ਹਾਂ!
ਕੁੱਝ ਸੁਪਨੇ, ਕੁੱਝ ਖਿਆਲ,
ਇੱਕ ਪਿਆਰ ਤੇ ਕੁੱਝ ਅਹਿਸਾਸ -
ਤੇਰੇ ਵਗੈਰ -
ਬੱਸ ਇਹੀ ਹੈ -
ਜ਼ਿੰਦਗੀ ਦਾ ਛੋਟਾ ਜਿਹਾ ਅਕਾਸ਼!





Academy of the Punjab in North America: http://www.apnaorg.com


# ਆਸ!

ਆਸ!
ਕਿੰਨਾ ਖ਼ੂਬਸੂਰਤ ਅਤੇ ਮਿੱਠਾ ਸ਼ਬਦ ਹੈ –
ਸੁਪਨਿਆਂ ਵਰਗਾ!
ਦਰਅਸਲ ਸੁਪਨੇ ਤੇ ਆਸ –
ਇੱਕ ਦੂਸਰੇ ਦੇ ਪੂਰਕ ਨੇ –
ਅਧੂਰੇ ਨੇ ਇੱਕ ਦੂਸਰੇ ਤੋਂ ਵਗੈਰ!
ਸੁਪਨੇ ਆਸ ਨੂੰ ਜਨਮ ਦਿੰਦੇ ਨੇ–
ਅਤੇ ਆਸ ਸੁਪਨਿਆਂ ਨੂੰ!
ਦੋਵੇਂ ਜ਼ਿੰਦਗੀ ਦੇ ਖ਼ੂਬਸੂਰਤ ਝਰੋਖਿਆਂ ਤੋਂ
ਪਰਦਾ ਨੇ ਉਠਾਉਂਦੇ!
ਅਤੇ ਨਵੀਆਂ ਯੋਜਨਾਵਾਂ ਦੀ
ਤਰਤੀਬ ਨੇ ਬਣਾਉਂਦੇ!
ਇਸ ਜ਼ਿੰਦਗੀ ਵਿੱਚ –
ਆਸ ਹੀ ਰਾਹਤ ਦਾ ਸ੍ਰੋਤ ਹੈ –
ਨਹੀਂ ਤਾਂ ਆਦਮੀ ਇਸ ਜੀਵਨ ਦੀ
ਅੱਗ ਵਿੱਚ ਪਿਘਲ ਜਾਏਗਾ....
ਅਤੇ ਇਸ ਜ਼ਿੰਦਗੀ ਦੇ ਦਰਦ ਦੀ
ਕਸ਼ਮਕਸ਼ 'ਚੋਂ ਨਿੱਕਲ ਨਾ ਪਾਏਗਾ....
ਮੇਰੀ ਵੀ ਇੱਕ ਆਸ ਹੈ –
ਜੋ ਸੁਪਨੇ ਸਿਰਜਣ ਵਿੱਚ
ਬਹੁਤ ਜਲਦੀ ਕਰਦੀ ਹੈ!
ਸਿਰਫ਼ ਤੇ ਸਿਰਫ਼ ਸੁਪਨੇ!
ਮਨ ਵਿੱਚ ਦਰਦ ਦੀ ਪਰਛਾਂਈ –
ਪਰ ਇੱਕ ਆਸ ਵੀ ਹੈ –
ਜੋ ਜ਼ਿੰਦਾ ਹੈ ਰੱਖਦੀ –
'ਕਿਸੇ ਦੀ ਉਡੀਕ' ਦਾ ਸੁਪਨਾ ਹੈ –
ਜੋ ਟੁਰਦਿਆਂ ਹੈ ਰੱਖਦਾ –
ਨਹੀਂ ਤਾਂ ਕੀ ਹੈ?
ਖਾਲੀ ਹੈ ਜ਼ਿੰਦਗੀ ਦੀ ਕਿਤਾਬ...
ਇੱਕ ਕੋਮਲ ਜਿਹੀ, ਨਰਮ ਜਿਹੀ ਆਸ ਹੈ –
ਇਸ ਕਿਤਾਬ ਤੇ ਚੰਦ ਚਮਕੇਗਾ –
ਖ਼ੂਬਸੂਰਤ ਹਰਫ਼ਾਂ ਨਾਲ਼
ਜੀਵਨ ਦਾ ਅਨੁਵਾਨ ਲਿਖਿਆ ਜਾਏਗਾ –



Academy of the Punjab in North America: http://www.apnaorg.com

ਅਤੇ ਫੇਰ ਕੋਈ ਉਸ ਕਿਤਾਬ ਨੂੰ
ਸਾਰੇ ਦਾ ਸਾਰਾ
ਇੱਕੋ ਸਾਹ 'ਚ ਪੜ੍ਹ ਜਾਏਗਾ ...
ਇੱਕ ਧੜਕਦਾ ਹੋਇਆ ਸੁਪਨਾ ਹੈ -
ਜੋ ਹਰ ਪਲ ਧੜਕ ਰਿਹਾ ਹੈ -
ਬਲਕਿ ਸਹਿਕ ਰਿਹਾ ਹੈ!
ਕੋਈ ਉਸਨੂੰ ਆਪਣੇ ਅਨੁਰਾਗ ਦੀ
ਠੰਡਕ ਨਾਲ਼ ਬਹਿਲਾਏਗਾ...
ਅਤੇ ਉਸਨੂੰ ਪ੍ਰਵਾਨ ਚੜ੍ਹਾਏਗਾ...
ਮਨ ਵਿੱਚ ਪਿਆਰ ਦੀ -
ਧੜਕਦੇ ਹੋਏ, ਨਿੱਘੇ ਅਨੁਰਾਗ ਦੀ
ਇੱਕ ਚਿਣਗ ਹੈ ਤੜਪਦੀ -
ਪਤਾ ਨਹੀਂ ਕਿਉਂ -
ਨਵੇਂ ਦਿਨਾਂ ਵਾਸਤੇ ਹੈ ਸਹਿਕਦੀ?
ਕੁੱਝ ਕੁੱਝ ਦੂਰ ਕਿਤੇ -
ਆਸ ਹੈ!
ਉਹੀ ਸੁਪਨਿਆਂ - ਭਰੀ ਆਸ!






Academy of the Punjab in North America: http://www.apnaorg.com

# ਜਜ਼ਬਾਤ

ਹਾਲਾਤ ਬਦਲ ਜਾਂਦੇ ਨੇ
ਜਜ਼ਬਾਤ  ਬਦਲ ਜਾਂਦੇ ਨੇ
ਵਕਤ ਦੇ ਬਦਲਣ ਨਾਲ
ਖ਼ਿਅਲਾਤ  ਬਦਲ ਜਾਂਦੇ ਨੇ

ਉਹ ਲੋਕ ਜੋ ਰਾਤੀਂ ਮਹਿਫ਼ਲ ਵਿੱਚ
ਹੱਸ ਹੱਸ ਕੇ ਗੱਲਾਂ ਕਰਦੇ ਨੇ
ਉਹ ਲੋਕ ਫਿਰ ਮਹਿਫ਼ਲ ਖਿੰਡਦੇ ਹੀ
ਪ੍ਰਭਾਤ ਬਦਲ ਜਾਂਦੇ ਨੇ

ਜੋ ਸਾਥੀ ਹਰ ਵੇਲੇ
ਨਾਲ ਤੁਰਨ ਦੀਆਂ ਗੱਲਾਂ ਕਰਦੇ ਨੇ
ਜਦ ਤੁਰਨ ਦਾ ਵੇਲਾ ਆਉਂਦਾ ਏ
ਤਾਂ ਬਾਤ ਬਦਲ ਜਾਂਦੇ ਨੇ





Academy of the Punjab in North America: http://www.apnaorg.com

# ਮਨ

ਮਨ ਟਿਕਦਾ ਨਹੀਂ –
ਭਟਕਦਾ ਹੈ ਰਹਿੰਦਾ !
ਪਤਾ ਨਹੀਂ ਕਿਸ ਲਈ
ਸਹਿਕਦਾ ਹੈ ਰਹਿੰਦਾ ?

ਪੰਛੀ ਬਣ ਕੇ ਕਦੇ
ਗਗਨ ਵਿੱਚ ਉੜਨਾ ਹੈ ਚਾਹੁੰਦਾ
ਨਦੀ ਬਣ ਕੇ ਕਦੇ
ਸਾਗਰ ਨਾਲ ਜੁੜਨਾ ਹੈ ਚਾਹੁੰਦਾ ।
ਪਰ ਪਤਾ ਨਹੀਂ ਕਿਓਂ
ਵਹਿਕਦਾ ਹੈ ਰਹਿੰਦਾ ?
ਮਨ ਟਿਕਦਾ ਨਹੀਂ –
ਭਟਕਦਾ ਹੈ ਰਹਿੰਦਾ !


ਕਦੇ ਇਹ ਸਿਤਾਰਾ ਬਣਕੇ
ਚਮਕਣਾ ਹੈ ਚਾਹੁੰਦਾ
ਕਦੇ ਇਹ ਜੁਗਨੂ ਬਣਕੇ
ਦਮਕਣਾ ਹੈ ਚਾਹੁੰਦਾ
ਪਰ ਇੱਕ ਅਗਨ ਵਿੱਚ
ਦਹਿਕਦਾ ਹੈ ਰਹਿੰਦਾ !
ਮਨ ਟਿਕਦਾ ਨਹੀਂ –
ਭਟਕਦਾ ਹੈ ਰਹਿੰਦਾ !

ਕਦੇ ਇਹ ਆਪਣੀ ਹੋਣੀ ਤੇ
ਅੱਥਰੂ ਹੈ ਵਹਾਉਂਦਾ
ਤੇ ਕਦੇ ਖ਼ੁਸ਼ੀ ਵਿੱਚ
ਫੁੱਲਿਆ ਨਹੀਂ ਸਮਾਉਂਦਾ !
ਪਰ ਬਿਰਹਾ ਗੀਤ ਸੁਣ
ਚਹਿਕਦਾ ਹੈ ਰਹਿੰਦਾ !
ਮਨ ਟਿਕਦਾ ਨਹੀਂ –
ਭਟਕਦਾ ਹੈ ਰਹਿੰਦਾ !



Academy of the Punjab in North America: http://www.apnaorg.com

ਜਿਸਮ ਦੇ ਕਫ਼ਸ ਵਿੱਚ
ਕਦੇ ਕੈਦ ਮਹਿਸੂਸ ਹੈ ਕਰਦਾ
ਕਦੇ ਇਸੇ ਜਿਸਮ ਵਿੱਚ
ਰਾਹਤ ਮਹਿਸੂਸ ਹੈ ਕਰਦਾ
ਪਰ ਦਰਦ ਦੇ ਵਿੱਚ
ਮਹਿਕਦਾ ਹੈ ਰਹਿੰਦਾ !
ਮਨ ਟਿਕਦਾ ਨਹੀਂ –
ਭਟਕਦਾ ਹੈ ਰਹਿੰਦਾ !





Academy of the Punjab in North America: http://www.apnaorg.com

# ਗ਼ਜ਼ਲ - ਅਹਿਦੇ-ਵਫ਼ਾ

ਕੋਈ ਅਹਿਦੇ-ਵਫ਼ਾ ਨਾ ਕਰ ਸਕੇ!
ਅਸੀਂ ਪਿਆਰ ਵਿੱਚ ਨਾ ਮਰ ਸਕੇ!
ਜ਼ਿੰਦਗੀ ਦਾ ਖੇਲ ਹੋ ਗਿਆ ਗਿਰਾਂ -
ਅਸੀਂ ਇਸ਼ਕ ਦਾ ਦਰਿਆਉ ਨਾ ਤਰ ਸਕੇ!
ਕਿਸੇ ਸੁਪਨੇ ਦੀ ਨਾ ਹੀ ਤਾਮੀਰ ਹੋਈ -
ਨਾ ਹੀ ਦਿਲੇ-ਮੁਜ਼ਤਰ ਦਾ ਇਲਾਜ ਕਰ ਸਕੇ!
ਸਹਬਾ ਦਾ ਸੀ ਹਰ ਤਰਫ਼ ਸੈਲਾਬ -
ਅਫ਼ਸੋਸ! ਅਸੀਂ ਇੱਕ ਜਾਮ ਵੀ ਨਾ ਭਰ ਸਕੇ!






Academy of the Punjab in North America: http://www.apnaorg.com

## ਗ਼ਜ਼ਲ – ਮਨ-ਪਾਗਲ

ਭਰਦਿਆਂ ਭਰਦਿਆਂ ਮਨ-ਪਾਗਲ
ਦਰਦ ਦੇ ਨਾਲ਼ ਭਰ ਗਿਆ!
ਤਰਦਿਆਂ ਤਰਦਿਆਂ ਜਿਸਮ ਮੇਰਾ
ਏਸ ਸਾਗਰ ਵਿੱਚ ਤਰ ਗਿਆ!
ਚਾਂਦਨੀ ਦੀ ਇੱਕ ਲ਼ਪਟ
ਸਾਰੀ ਰਾਤ ਜਲਾਉਂਦੀ ਗਈ –
ਨੀਂਦ ਦੇ ਵਿੱਚ ਅੱਜ ਫਿਰ
ਇੱਕ ਹੋਰ ਸੁਪਨਾ ਮਰ ਗਿਆ!
ਇੱਕ ਦਰਦ, ਇੱਕ ਪਿਆਸ ਦਾ
ਕਾਰਵਾਂ ਚੱਲਦਾ ਰਿਹਾ –
ਰੌਸ਼ਨੀ ਦੇ ਵਿੱਚ ਆਪਣੇ ਹੀ
ਪਰਛਾਵੇਂ ਤੋਂ ਮੈਂ ਡਰ ਗਿਆ!
ਤੇਰੀ ਚਾਹਤ ਦੇ ਵਿੱਚ
ਮਿਲੇ ਨੇ ਬਹੁਤ ਦੁੱਖ ਸਾਨੂੰ –
ਪਰ ਹਰ ਦੁੱਖ ਹੱਸ ਕੇ
ਮੈਂ ਅੰਦਰ-ਹੀ-ਅੰਦਰ ਜਰ ਗਿਆ!





Academy of the Punjab in North America: http://www.apnaorg.com

## ਗ਼ਜ਼ਲ – ਅਹਿਸਾਸ

ਮੇਰੇ ਖਾਲੀਪਨ ਦਾ ਅਹਿਸਾਸ ਨਾ ਕਰਵਾਓ ਮੈਨੂੰ!
ਦਰਦ ਦੇ ਪੁਰਨਮ ਆਲਮ ਵਿੱਚੋਂ ਨਾ ਜਗਾਓ ਮੈਨੂੰ!
ਇਸ ਕਹਿਕਸ਼ਾ ਦੇ ਵਿੱਚ ਕਈ ਵਾਰ ਹਾਂ ਗੁਜ਼ਰ ਚੁੱਕਾ –
ਹੁਣ ਹੋਰ ਨਾ ਰਵਾਂ ਹੋਣ ਦਾ ਜਾਮ ਪਿਲਾਓ ਮੈਨੂੰ!
ਨਿਗਾਹੇ-ਸ਼ੌਕ ਦੇ ਨਾਲ਼ ਨਾ ਇਸ ਤਰ੍ਹਾਂ ਦੇਖੋ –
ਕਿ ਇਹ ਅੱਗ ਹੈ, ਇਸ ਅੱਗ ਵਿੱਚ ਨਾ ਜਲਾਓ ਮੈਨੂੰ!
ਬਚਪਨ ਦੀ ਮਿੱਠੀ ਯਾਦ ਨੂੰ ਹੀ ਰਹਿਣ ਦਿਓ –
ਜਵਾਨੀ ਦੇ ਸ਼ਿਕਸਤਾ ਖ਼ਾਬਾਂ ਦੀ ਯਾਦ ਨਾ ਦਿਲਾਓ ਮੈਨੂੰ!
ਇੱਕ ਹਸੀਨ ਦਸਤਗੀਰ ਦੀ ਜੁਸਤਜੂ ਹੈ ਬਾਕੀ –
ਕਿਸੇ ਹੋਰ ਸ਼ੈਅ ਦੀ ਜੁਸਤਜੂ ਵਿੱਚ ਨਾ ਉਲਝਾਓ ਮੈਨੂੰ!





Academy of the Punjab in North America: http://www.apnaorg.com

# ਮੈਂ

ਇਹ ਅਕਾਸ਼ ਹੈ ਮੇਰਾ, ਇਹ ਧਰਤ ਹੈ ਮੇਰੀ!
ਹਰ ਰਾਤ ਹੈ ਮੇਰੀ, ਹਰ ਇੱਕ ਸਹਰ ਹੈ ਮੇਰੀ!
ਹਰ ਹਿਰਦਾ ਹੈ ਮੇਰਾ, ਹਰ ਇੱਕ ਚਸ਼ਮ ਹੈ ਮੇਰੀ!
ਹਰ ਇੱਕ ਹੋਂਠ ਹੈ ਮੇਰਾ, ਹਰ ਰੁਖ਼ਸਾਰ ਹੈ ਮੇਰੀ!
ਹਰ ਜ਼ਿੰਦਗੀ ਦੀ ਮਹਿਕਦੀ ਬਹਾਰ ਹੈ ਮੇਰੀ!
ਹਰ ਇੱਕ ਮੋਤੀ ਹੈ ਮੇਰਾ, ਹਰ ਇੱਕ ਸਦਫ਼ ਹੈ ਮੇਰੀ!
ਹਰ ਇੱਕ ਮੁਫ਼ਲਿਸ ਹੈ ਮੇਰਾ, ਹਰ ਇਸ਼ਰਤ ਹੈ ਮੇਰੀ!
ਹਰ ਨਾਜ਼ ਦੀ ਪਸ਼ੇਮਾਂ ਮੁਸਕਾਨ ਹੈ ਮੇਰੀ!
ਐ ਰਵਾਂ ਦੁਨੀਆ ਤੂੰ ਹੈ ਮੇਰੀ, ਤੂੰ ਹੈ ਮੇਰੀ!

ਮੈਂ ਘੁੰਮਦਾ ਸਾਂ ਹੁਣ ਤੱਕ ਸਿਤਾਰਿਆਂ ਦੀ ਕਹਿਕਸ਼ਾਂ ਵਿੱਚ!
ਮੈਂ ਭਟਕਦਾ ਸਾਂ ਹੁਣ ਤੱਕ ਸਵਰਗ ਦੇ ਬੋਸਤਾਂ ਵਿੱਚ!
ਫ਼ਰਾਜ਼ੇ-ਆਸਮਾਂ ਦੇ ਵਿੱਚ ਮੈਂ ਇੱਕ ਅੰਜੁਮ ਸਾਂ!
ਹਰ ਅਫ਼ਸ਼ਾਂ ਕਲੀ ਦੀ ਪਹਿਲੀ ਤਬਸੁੱਮ ਸਾਂ!
ਮੈਂ ਸਦਾਕਤ ਦੀ ਜੁਸਤਜੂ ਵਿੱਚ ਗੁੰਮ ਸਾਂ!
ਮੈਂ ਹਰ ਰਹਿਬਰ ਦੀ ਮੁਕੱਦਸ ਚਸ਼ਮ ਸਾਂ!
ਐ ਰਵਾਂ ਦੁਨੀਆ ਤੂੰ ਹੈ ਮੇਰੀ, ਤੂੰ ਹੈ ਮੇਰੀ!
ਆਪਣੇ ਜਬੀਨੇ-ਸ਼ੌਕ ਨਾਲ਼,
ਮੈਂ ਆ ਗਿਆ ਹਾਂ ਬਜ਼ਮ ਵਿੱਚ ਤੇਰੀ!





Academy of the Punjab in North America: http://www.apnaorg.com

# ਗੀਤ - ਕਣਕਾਂ ਪੱਕੀਆਂ ਵੇ!

ਕਣਕਾਂ ਪੱਕੀਆਂ ਵੇ!
ਉਮਰ ਦੀ ਸਿਖ਼ਰ ਦੁਪਹਿਰੇ
ਯਾਰੀਆਂ ਕੱਚੀਆਂ ਵੇ!
ਹਿਜਰ ਦੀ ਲੰਮੀ ਰਾਤ
ਅਸੀਂ ਫੁੱਟ ਫੁੱਟ ਰੋਏ-
ਉਮਰ ਦੀ ਲੰਮੀ ਰਾਤ
ਅੱਖੀਆਂ ਥੱਕੀਆਂ ਵੇ!
ਨਜ਼ਰਾਂ ਦੇ ਤਿੱਖੇ ਬਾਣ
ਹੱਸ ਹੱਸ ਕੇ ਸਹੇ -
ਦਰਦ ਦੇ ਤਿੱਖੇ ਬਾਣ
ਨਾ ਜਰ ਸੱਕੀਆਂ ਵੇ!
ਨਾ ਤੂੰ ਆਇਐਂ
ਨਾ ਕੋਈ ਖ਼ਤ ਆਇਆ -
ਮੈਂ ਸਾਰਾ ਸਾਰਾ ਦਿਨ
ਰਾਹਾਂ ਤੱਕੀਆਂ ਵੇ!
ਕਣਕਾਂ ਪੱਕੀਆਂ ਵੇ!
ਯਾਦਾਂ ਦੀ ਸਿੱਲ੍ਹੀ ਰਾਤ
ਯਾਰੀਆਂ ਕੱਚੀਆਂ ਵੇ!





Academy of the Punjab in North America: http://www.apnaorg.com

# 1984 ਸਿੱਖ ਕਤਲੇਅਤਾਮ ਨੂੰ ਯਾਦ ਕਰਕੇ

(1)

ਭਿਆਨਕ ਯਾਦ ਹਨੇਰੀ ਬਣ
ਜਦ ਆ ਵੜਦੀ ਹੈ!
ਇੱਕ ਅੱਗ ਜਿਹੀ
ਸੀਨੇ ਉੱਠ ਖੜਦੀ ਹੈ!
ਸਮੇਂ ਨੇ ਜਦ
ਜ਼ੁਲਮ ਕਮਾਇਆ!
ਧਰਤੀ ਨੂੰ ਅੱਗ
ਵਿੱਚ ਜਲਾਇਆ!
ਤਵਾਰੀਖ਼ ਵੀ
ਫੁੱਟ ਫੁੱਟ ਰੋਈ!
ਜਦ ਹਿਆਤ ਗਈ!
ਸੜਕਾਂ ਵਿੱਚ ਖੋਹੀ!
ਉਫ! ਸ਼ਰੇਆਮ
ਜਵਾਨੀ ਨੂੰ ਲੁੱਟਿਆ ਗਿਆ!
ਗਲੀਆਂ 'ਚ ਹੀ
ਲਾਸ਼ਾਂ ਨੂੰ ਸੁੱਟਿਆ ਗਿਆ!
ਇਨਸਾਨ ਘਰਾਂ ਵਿੱਚ
ਜਿੰਦਾ ਜਲਾਏ ਗਏ!
ਬੇਰਹਿਮ ਪਿਆਸ ਦੇ
ਸ਼ਿਕਾਰ ਬਣਾਏ ਗਏ!
ਜੀਵਤ ਸ਼ਹਿਰ ਜਦ
ਕਤਲਗਾਹ ਬਣਾਇਆ ਗਿਆ!
ਚੁਣ ਚੁਣ ਕੇ ਇਨਸਾਨਾਂ ਨੂੰ
ਤਖ਼ਰੀਬ 'ਚ ਵਹਾਇਆ ਗਿਆ!
ਹਾਏ! ਅਜ਼ਲ ਤੋਂ ਹੀ
ਆਦਮੀ ਵਹਿਸ਼ੀ ਰਿਹਾ!
ਜੰਗਲੀ ਤਹਿਜ਼ੀਬ ਦਾ
ਅੰਸ਼ ਉਸ ਵਿੱਚ ਬਾਕੀ ਰਿਹਾ!



Academy of the Punjab in North America: http://www.apnaorg.com

(2)

ਉਹ ਜੋ ਇੱਕ ਸ਼ੋਕ ਵਿੱਚ
ਹੋਣ ਦਾ ਕਰ ਰਹੇ ਸੀ ਦਿਖਾਵਾ!
ਤਾਜੋ-ਤਖ਼ਤ ਦੇ ਗ਼ਮ ਦਾ
ਕੋਈ ਸੋਚ ਰਹੇ ਸੀ ਮੁਦਾਵਾ!
ਜਿਸਨੇ ਸ਼ਹਿਰ ਨੂੰ
ਕਤਲਗ਼ਾਹ ਸੀ ਬਣਾਇਆ!
ਉਹਨਾਂ ਵਾਸਤੇ ਇੱਕ
ਛੋਟੀ ਘਟਨਾ ਦਾ ਸੀ ਸਾਇਆ!
ਉਹਨਾਂ ਦੀ ਬੇਇੰਤਹਾਈ ਨੇ
ਉਸ ਜੁਨੂੰ ਨੂੰ ਹਵਾ ਦਿੱਤੀ!
ਜਿਸਦੇ ਜ਼ੁਲਮ ਨੇ
ਹਰ ਅੱਖ ਰੁਆ ਦਿੱਤੀ!
ਆਹ! ਕਿਸੇ ਨੇ ਅਫ਼ਸੋਸ ਦਾ
ਇੱਕ ਬੋਲ ਵੀ ਨਾ ਬੋਲਿਆ!
ਸਬਰ ਦੇ ਪੈਮਾਨੇ ਨੂੰ
ਉਹਨਾਂ ਆਪ ਹੈ ਡੋਲ੍ਹਿਆ!
ਜ਼ਖ਼ਮਾਂ 'ਤੇ ਨਾਂ ਹੀ
ਮਲ੍ਹਮ ਲਗਾਈ ਗਈ!
ਉਹਨਾਂ ਦੀ ਪੀੜ ਸਗੋਂ
ਹੋਰ ਗਿਰਾਂ ਬਣਾਈ ਗਈ!
ਗਿਲਾ ਕਿਉਂ ਨਾ ਹੋਵੇ
ਹਰ ਇੱਕ ਨਮ ਅੱਖ ਨੂੰ!
ਬਲ਼ ਪੈਣ ਨਾ ਕਿਉਂ
ਸਮੇਂ ਦੇ ਸਾਫ਼ ਪੱਖ ਨੂੰ!



Academy of the Punjab in North America: http://www.apnaorg.com

(3)

ਇਹ ਕਹਾਣੀ ਅਜ਼ਲ ਤੋਂ ਹੀ
ਇੰਝ ਦਹੁਰਾਈ ਗਈ!
ਹਰ ਵਾਰ ਜ਼ਿੰਦਗੀ ਦੀ
ਤਬਾਹੀ ਮਚਾਈ ਗਈ!
ਇਸਦਾ ਸਾਇਆ ਪਤਾ ਨਹੀਂ
ਕਦ ਤੱਕ ਰਹੇਗਾ?
ਹੋਰ ਕਦ ਤੱਕ ਫ਼ਲਕ
ਇਸਦੀ ਤਪਸ਼ ਸਹੇਗਾ?
ਕਦ ਤੱਕ ਆਦਮੀ
ਇੰਝ ਜ਼ਖਮੀ ਹੀ ਤਰਸੇਗਾ?
ਕਦ ਇਸ ਆਲਮ 'ਤੇ
ਅਬਰੇ-ਨੈਸਾਂ ਵਰਸੇਗਾ?





Academy of the Punjab in North America: http://www.apnaorg.com

# ਗ਼ਜ਼ਲ - ਫ਼ੁਰਕਤ ਦੀ ਸ਼ਬ

ਅੱਜ ਵੀ ਸ਼ਾਇਦ ਨੀਂਦ ਨਹੀਂ ਆਏਗੀ!
ਇਹ ਰਾਤ ਵੀ ਡਾਹਢਾ ਤੜਪਾਏਗੀ!
ਸਾਰੀ ਰਾਤ ਯਾਦ ਦਾ ਸੈਲਾਬ ਵਹੇਗਾ-
ਸਾਰੀ ਰਾਤ ਫਿਰ ਸਮੁੰਦਰ ਹੋ ਜਾਏਗੀ!
ਸੋਚਾਂ ਦਾ ਆਲਮ ਹਰ ਪਲ ਸਤਾਏਗਾ-
ਇੱਕ ਬਰਕ ਜਿਹੀ ਨਿਰੰਤਰ ਜਲਾਏਗੀ!
ਸ਼ਿਕਸਤਾ ਜ਼ਿੰਦਗੀ ਹਮਨਵਾ ਨੂੰ ਲੋਚੇਗੀ -
ਫ਼ੁਰਕਤ ਦੀ ਸ਼ਬ ਜਦ ਗਿਰਾਂ ਹੋ ਜਾਏਗੀ!





Academy of the Punjab in North America: http://www.apnaorg.com

# ਗ਼ਜ਼ਲ – ਅਜਨਬੀ ਆਸ

ਆਸ ਵੀ ਅਜਨਬੀ ਹੋ ਗਈ ਹੈ!
ਕਿਹੋ ਜਿਹੀ ਬੇਬਸੀ ਹੋ ਗਈ ਹੈ!
ਜ਼ਿੰਦਗੀ ਇੱਕ ਸੁਪਨਾ ਹੈ ਲਗਦੀ –
ਕਿਹੋ ਜਿਹੀ ਬੇਖ਼ੁਦੀ ਹੋ ਗਈ ਹੈ!
ਚੰਦ ਤਾਰੀਕ ਦੇ ਵਿੱਚ ਗੁੰਮ ਹੈ –
ਕਿਹੋ ਜਿਹੀ ਚਾਂਦਨੀ ਹੋ ਗਈ ਹੈ!
ਦਰਦ ਵੀ ਤੂੰ ਏਂ ਦਵਾ ਵੀ ਤੂੰ ਏਂ –
ਕਿਹੋ ਜਿਹੀ ਆਸ਼ਕੀ ਹੋ ਗਈ ਹੈ!
ਹਰ ਇੱਕ ਪਲ ਦਰਦ ਦਾ ਹੈ ਆਲਮ –
ਕਿਹੋ ਜਿਹੀ ਜ਼ਿੰਦਗੀ ਹੋ ਗਈ ਹੈ!



Academy of the Punjab in North America: http://www.apnaorg.com

# ਦਰਦ ਦੀ ਚਾਦਰ

ਦਰਦ ਦੀ ਚਾਦਰ ਲਪੇਟ ਕੇ
ਮੈਂ ਹਰ ਰਾਤ ਹਾਂ ਸੌਂ ਜਾਂਦਾ!
ਇਸ ਆਸ ਵਿੱਚ ਕਿ ਸੱਜਰੀ ਸਵੇਰ ਦੇ ਦਰਵਾਜ਼ੇ ਖੁੱਲ੍ਹਣਗੇ!
ਘਰ ਦੇ ਵਿੱਚ ਛਣਕਾਰ ਜਿਹੀ ਛਣਕੇਗੀ –
ਹਰ ਪਾਸੇ ਬਹਾਰ ਦੀ ਮਹਿਕ ਖਿੱਲਰੇਗੀ –
ਅਤੇ ਕੋਈ ਮੇਰੇ ਜਾਗਦਿਆਂ ਹੀ
ਮੈਨੂੰ ਠੰਡੀ ਹਵਾ ਦੇ ਝੌਂਕੇ ਵਾਂਗ ਛੂਹ ਕੇ
'ਸ਼ੁੱਭ ਸਵੇਰ' ਆਖੇਗਾ!
ਮੈਂ ਪਿਆਰ ਭਰੇ ਨਿੱਘੇ ਬਿਸਤਰ ਵਿੱਚ ਹੀ
ਕਰਵਟ ਬਦਲਾਂਗਾ – ਅਤੇ ਮਿੱਠੇ ਬੋਲਾਂ ਨੂੰ
ਪਲ ਦੋ ਪਲ ਮਹਿਸੂਸ ਕਰਾਂਗਾ!
ਅਤੇ ਫੇਰ ਚਮਕਦੀਆਂ ਅੱਖਾਂ ਨਾਲ਼
ਜ਼ਿੰਦਗੀ ਨੂੰ 'ਜੀ ਆਇਆਂ' ਆਖਾਂਗਾ!
ਪਰ ਆਹ!
ਮੇਰੀ ਹਰ ਸਵੇਰ ਅਜੇ ਵੀਰਾਨ ਹੈ –
ਇੱਕ ਬੋਝ ਵਿੱਚ ਪਰੇਸ਼ਾਨ ਹੈ!
ਦਰਦ ਦਾ ਆਲਮ ਅਤੇ
ਜ਼ਿਦ ਭਰਿਆ ਵੈਰਾਗ ਹੈ!
ਉਕਤਾਹਟ ਦੀ ਲੰਬੀ ਪ੍ਰਕਿਰਿਆ–
ਜੀਵਨ ਹੈ ਲਗਦਾ!
ਤਿੱਖੀਆਂ ਸੋਚਾਂ ਦੀ ਜਲਨ
ਹਰ ਪਲ ਹੈ ਸਤਾਉਂਦੀ....
ਖਾਲੀ ਖਾਲੀ ਰਾਤ ਅਤੇ
ਉਦਾਸ ਉਦਾਸ ਦਿਨ –
ਕੀ ਇਹੀ ਨੇ ਜ਼ਿੰਦਗੀ ਦੇ ਲਮਹੇ!
ਕੀ ਇਹੀ ਨੇ ਜ਼ਿੰਦਗੀ ਦੇ ਅਨੁਭਵ – ਬਕਬਕੇ ਜਿਹੇ !
ਕਦੋਂ ਸੱਜਰੀ ਸਵੇਰ ਦਾ ਆਗਮਨ ਹੋਵੇਗਾ?
ਕਦੋਂ ਸਾਡੇ ਵਿਹੜੇ ਵਿੱਚ ਜਾਨਮ ਹੋਵੇਗਾ?



Academy of the Punjab in North America: http://www.apnaorg.com

# ਮੈਂ ਬਹੁਤ ਸੂਖ਼ਮ ਹਾਂ

ਮੈਂ ਬਹੁਤ ਸੂਖ਼ਮ ਹਾਂ –
ਮੈਂ ਉਹਨਾਂ 'ਚੋਂ ਨਹੀਂ ਹਾਂ –
ਜੋ ਬਹੁਤ ਮਹਾਨ ਨੇ!
ਸਮੇਂ ਦੇ ਪ੍ਰਤਿਭਵਾਨ ਨੇ!
ਮੈਂ ਤਾਂ ਇੱਕ ਬੂੰਦ ਹਾਂ ਤ੍ਰੇਲ ਦੀ –
ਜੋ ਪਲ ਭਰ 'ਚ ਮਿਟ ਜਾਏਗੀ;
ਜਾਂ ਫੇਰ ਅੱਖੀਆਂ ਦਾ
ਅੱਥਰੂ ਬਣ ਜਾਏਗੀ!
ਪਰ ਇਸ ਦੌਰ ਦੀ ਅੱਗ ਵਿੱਚ
ਪਿਘਲ ਨਾ ਪਾਏਗੀ!
ਮੈਂ ਉਹਨਾਂ 'ਚੋਂ ਨਹੀਂ ਹਾਂ –
ਜੋ ਆਪਣੇ ਜ਼ਮੀਰ ਦੀ
ਕਸਮ ਤੋੜ ਦਿੰਦੇ ਨੇ!
ਤੇ ਸੋਚਾਂ ਦੇ ਸੈਲਾਬ
ਵਹਿੰਦੇ ਮੋੜ ਦਿੰਦੇ ਨੇ!
ਮੈਂ ਤਾਂ ਸੋਚਾਂ ਦੇ
ਸੈਲਾਬ ਵਿੱਚ ਵਹਿੰਦਾ ਹਾਂ!
ਆਪਣੇ ਅੰਤਰਮਨ ਦੇ
ਹਮਲੇ ਸਹਿੰਦਾ ਹਾਂ!
ਮੈਂ ਬਹੁਤ ਸੂਖ਼ਮ ਹਾਂ!
ਬਿਲਕੁਲ ਇੱਕ ਕਣ ਦੇ ਵਾਂਗ –
ਜੋ ਵਹਿ ਜਾਂਦਾ ਹੈ –
ਹਲਕੇ ਹਵਾ ਦੇ ਝੋਂਕੇ ਨਾਲ਼!
ਪਤਾ ਨਹੀਂ ਕਿੱਧਰ ਟੁਰ ਜਾਂਦਾ ਹੈ?
ਖ਼ੌਰੇ ਆਪਣੇ ਅੰਦਰੂਨੀ
ਵਿਸਫ਼ੋਟ ਨਾਲ਼ ਭੁਰ ਜਾਂਦਾ ਹੈ!
ਮੈਂ ਉਹਨਾਂ ਵਿੱਚੋਂ ਨਹੀਂ ਹਾਂ –
ਜੋ ਆਪਣੇ ਅੰਦਰੂਨੀ
ਵਿਸਫ਼ੋਟ ਨੂੰ ਨਹੀਂ ਸੁਣਦੇ!
ਚੁੱਪਚਾਪ ਨਵੀਂਆਂ ਉਲਝਾਂ
ਦੇ ਜਾਲ਼ ਨੇ ਬੁਣਦੇ!
ਹਰ ਪਲ ਮਕੈਨੀਕਲ



Academy of the Punjab in North America: http://www.apnaorg.com

ਢੰਗ ਨਾਲ਼ ਨੇ ਲੰਘਾਉਦੇ!
ਨਵੀਂ ਅੱਗ ਦੇ
ਦਾਇਰੇ ਨੇ ਬਣਾਉਂਦੇ!
ਤੇ ਫੇਰ ਉਹਨਾਂ ਦਾਇਰਿਆਂ
ਵਿੱਚ ਨੇ ਘੁੰਮਦੇ!
ਹਰ ਪਲ ਨਵੇਂ ਲਾਲਚ ਦੇ
ਫ਼ਸੂਨ ਨੂੰ ਨੇ ਚੁੰਮਦੇ!
ਭੁੱਲ ਜਾਂਦੇ ਨੇ
ਦੂਸਰਿਆਂ ਦੇ ਵਾਰੇ ਵਿੱਚ ...
ਜੋ ਕੁੱਝ ਯਾਦ ਨੇ ਰੱਖਦੇ –
ਆਪਣੀਆਂ ਭੈੜੀਆਂ ਖ਼ਾਹਿਸ਼ਾਂਵਾਂ!
ਤੇ ਆਪਣੀਆਂ ਹਸਰਤਾਂ ਦੀਆਂ –
ਦਿੰਦੇ ਨੇ ਹੋਰਨਾਂ ਨੂੰ ਸਜਾਵਾਂ!
ਮੈਂ ਤਾਂ ਬਹੁਤ ਸਧਾਰਨ ਹਾਂ –
ਸੋਚਾਂ ਦੇ ਭੰਵਰ 'ਚ
ਭਟਕਦਾ ਹੋਇਆ ...
ਇਸ ਮਾਣਸ-ਦੇਹ 'ਚ
ਤੜਪਦਾ ਹੋਇਆ ...
ਆਪਣੀ ਅਜ਼ਾਦੀ ਲਈ
ਸਹਿਕਦਾ ਹੋਇਆ....





Academy of the Punjab in North America: http://www.apnaorg.com

## ਟੁੱਟਦੇ-ਬਿੱਖਰਦੇ ਸੁਪਨੇ

ਕਿੰਝ ਸੁਪਨੇ ਅੱਖਾਂ ਦੇ ਵਿੱਚ
ਸਮੁੰਦਰ ਬਣਕੇ ਨੇ ਆਂ'ਦੇ!
ਤੇ ਕਿੰਝ ਵਕਤ ਦੇ ਸੈਲਾਬ ਵਿੱਚ
ਨੇ ਵਹਿ ਜਾਂਦੇ।
ਰਾਤ ਬਹੁਤ ਜਲਾਉਂਦੀ ਹੈ...
ਸੁਪਨੇ ਰਾਖ ਬਣਾਉਂਦੀ ਹੈ...
ਜ਼ਿੰਦਗੀ ਦੇ ਸੁੰਨੇ ਮੋੜ 'ਤੇ
ਇੱਕ ਚੀਖ਼ ਜਿਹੀ ਸੁਣਾਉਂਦੀ ਹੈ।
ਟੁੱਟਦੇ ਨੇ ਸੁਪਨੇ...
ਬਿੱਖਰ ਬਿੱਖਰ ਨੇ ਜਾਂਦੇ।
ਮਨ ਦੇ ਅੰਦਰ -
ਇੱਕ ਹੌਲ ਜਿਹਾ ਨੇ ਪਾਂ'ਦੇ।
ਅੱਖਾਂ ਵਿੱਚ ਕਦੇ ਸੁਪਨੇ
ਸਮੁੰਦਰ ਬਣਕੇ ਨੇ ਆਂ'ਦੇ!
ਕਦੇ ਅੱਖਾਂ ਵਿੱਚ
ਧੁੱਪ ਬਣਕੇ ਨੇ ਛਾਂ'ਦੇ!





Academy of the Punjab in North America: http://www.apnaorg.com

# ਇੱਕ ਸੁਪਨਾ

ਕਦੇ ਇੱਕ ਸੁਪਨਾ ਲਿਆ ਸੀ...
ਇੱਕ ਖ਼ੂਬਸੂਰਤ ਜ਼ਿੰਦਗੀ ਦਾ...
ਪਰ ਅੱਜ ਉਹ ਸੁਪਨਾ
ਟੁੱਟਦਾ ਹੋਇਆ ਹੈ ਲਗਦਾ-
ਜ਼ਿੰਦਗੀ ਦਾ ਦੀਪ
ਬੁਝਦਾ ਹੋਇਆ ਹੈ ਲੱਗਦਾ!
ਹਰ ਪਲ ਇੱਕ ਅਜੀਬ ਜਿਹਾ ਆਲਮ ਹੈ-
ਸੋਚਾਂ ਦਾ ਅੰਨ੍ਹਾ ਪ੍ਰਵਾਹ ਹੈ-
ਜ਼ਿੰਦਗੀ ਦਾ ਪੈਂਡਾ ਅਸਗਾਹ ਹੈ!
ਮੈਂ ਹੁਣੇ ਹੀ ਕਿਓਂ ਥੱਕ ਗਿਆ ਹਾਂ?
ਇਸ ਜ਼ਿੰਦਗੀ ਤੋਂ ਕਿਓਂ ਅੱਕ ਗਿਆ ਹਾਂ?
ਸੁਪਨਾ ਬਣਨ ਤੋਂ ਪਹਿਲਾਂ ਹੀ ਬਿੱਖਰ ਗਿਆ...
ਹਰ ਪਲ ਦਰਦ ਹੈ ਤੜਪਾਉਂਦਾ ਪਿਆ!
ਇਸ ਦਰਦ ਦੀ ਅਜਬ ਤੜਪ-
ਇੱਕ ਮੌਨ ਖਲਬਲੀ ਹੈ ਮਚਾਉਂਦੀ!
ਕਦੇ ਕਦੇ ਰਾਤਾਂ ਨੂੰ ਡਾਹਢਾ ਹੈ ਜਗਾਉਂਦੀ!
ਅਤੇ ਨੀਂਦ ਵਿੱਚ ਉੱਭੜਵਾਹੇ ਹੈ ਉਠਾਉਂਦੀ!
ਇਹ ਕਿਸ ਰੋਗ ਦੇ ਨਿਸ਼ਾਨ ਨੇ-
ਕਿਸ ਹਿਜਰ ਦੇ ਸਮਾਨ ਨੇ?


**

ਪਿਆਸ ਜੋ ਬੁਝ ਨਾ ਸਕੀ-
ਸੁਪਨਾ ਜਿਸਦੀ ਤਾਮੀਰ ਨਾ ਹੋਈ-
ਕਿਸੇ ਸੁੰਵੇ ਮੋੜ ਤੇ ਮਿਲਣਗੇ-
ਚਾਹੇ ਅਜਨਬੀ ਦੇ ਵਾਂਗ ਹੀ -
ਮੈਂ ਉਹਨਾਂ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਾਂਗਾ!
ਜ਼ਿੰਦਗੀ ਦੀ ਤਾਰੀਕੀ ਵਿੱਚ
ਯਾਦਾਂ ਦੇ ਸਿਤਾਰੇ ਭਰਾਂਗਾ!
ਹੌਲੀ ਜਿਹੇ ਆਪਣਾ ਹੱਥ ਵਧਾਵਾਂਗਾ-
ਜੇ ਸੁਪਨੇ ਮੇਰੇ ਜਾਣਕਾਰ ਹੋਏ-
ਜੇ ਪਿਆਸ ਮੇਰੀ ਆਪਣੀ ਹੋਈ-



Academy of the Punjab in North America: http://www.apnaorg.com

ਤਾਂ ਮੈਨੂੰ ਮੁਸਕਾ ਕੇ ਦੇਖਣਗੇ-
ਆਪਣੇ ਨਵੇਂ ਰੰਗਾਂ ਦੀ ਚਮਕ ਵਿਖਾਣਗੇ...
ਆਪਣੇ ਹੱਥ ਅੱਗੇ ਵਧਾਣਗੇ!
ਮੈਂ ਅੱਗੇ ਵੱਧ ਕੇ-
ਆਪਣੇ ਹੱਥਾਂ 'ਚ ਉਹ 'ਹੱਥ' ਫੜਕੇ-
ਹੌਲੀ ਜਿਹੇ ਚੁੰਮ ਲਵਾਂਗਾ!
ਬੁੱਲ੍ਹੀਆਂ ਦੀ ਰੇਖਾ ਕੰਬੇਗੀ-
ਅਤੇ ਕੋਈ ਪਿਆਰ ਭਰਿਆ ਬੋਲ ਕੁਵਾਂਗਾ!
ਅਤੇ ਫੇਰ ਸੁਪਨੇ ਮੇਰੀ ਪਿਆਸ ਜਗਾ ਦੇਣਗੇ-
ਮੈਂ ਨੀਲੇ ਅਸਮਾਨ ਵੱਲ ਤੱਕਾਂਗਾ!
ਆਸ ਭਰੀਆਂ ਨਜ਼ਰਾਂ ਨਾਲ -
ਆਪਣੇ ਵਾਸਤੇ ਸਿਰਫ਼ ਦੋ ਬੂੰਦ ਪਾਣੀ ਮੰਗਾਂਗਾ!
ਅਸਮਾਨ ਉਹ ਤੋਹਫ਼ਾ ਮੈਨੂੰ ਜ਼ਰੂਰ ਦੇਵੇਗਾ!
ਮੇਰਾ ਸੁਪਨਾ ਮੈਨੂੰ ਜ਼ਰੂਰ ਦੇਵੇਗਾ!





Academy of the Punjab in North America: http://www.apnaorg.com

# ਅੱਧ ਕੱਚੀ ਤੜਪ

ਕੁੱਝ ਨਹੀਂ ਮਿਲ਼ਿਆ ਜ਼ਿੰਦਗੀ ਵਿੱਚ-
ਕੁੱਝ ਵੀ ਤਾਂ ਨਹੀਂ!
ਇੱਕ 'ਪਿਆਰ' ਦੀ ਤਮੰਨਾ ਕੀਤੀ ਸੀ-
ਉਹ ਨਾ ਪੂਰੀ ਹੋਈ-
ਇੱਕ ਸੰਪੂਰਣ ਸੰਤੁਸ਼ਟੀ ਚਾਹੀ ਸੀ-
ਉਹ ਨਾ ਮਿਲੀ!
ਜੋ ਮਿਲਿਆ ਵੀ ਕੁੱਝ-
ਅੱਧ ਕੱਚੀ ਤੜਪ-ਜਿੱਦੀ ਜਿਹਾ ਵੈਰਾਗ-
ਅਤੇ ਪਤਝੜ ਦੇ ਪੀਲੇ ਪੱਤੇ!
ਅਸੀਂ ਤੜਪ 'ਚ ਤੜਪਦੇ ਰਹੇ!
ਵੈਰਾਗ ਦੀ ਅੱਗ 'ਚ ਸੜਦੇ ਰਹੇ!
ਅਤੇ ਪਤਝੜ ਦੇ ਪੱਤੇ ਇਕੱਠੇ ਕਰਦੇ ਰਹੇ....
ਇਸ ਆਸ ਵਿੱਚ ਕਿ-
ਇੱਕ ਦਿਨ ਅਸੀਂ ਬਸੰਤ ਦੇ
ਕੋਮਲ ਪੀਲ਼ੇ ਫੁੱਲ ਚੁਣਾਂਗੇ ਅਤੇ ਜ਼ਿੰਦਗੀ ਵਾਸਤੇ
ਇੱਕ ਖ਼ੂਬਸੂਰਤ ਗੁਲਦਸਤਾ ਬਣਾਵਾਂਗੇ-
ਯਾਦਾਂ ਦਾ, ਸੁਪਨਿਆਂ ਦਾ,
ਉਹਨਾਂ ਸੁੰਦਰ ਪਲਾਂ ਦਾ ਜੋ -
ਥੋੜਾ ਚਿਰ ਹੁੰਦੇ ਹੋਏ ਵੀ
ਅਨੰਤਤਾ ਦਾ ਅਹਿਸਾਸ ਦਿਲਾ ਦਿੰਦੇ ਨੇ!
ਅਤੇ ਜ਼ਿੰਦਗੀ ਵਿੱਚ ਨਵਾਂ ਰੰਗ ਲਿਆ ਦਿੰਦੇ ਨੇ!

ਬਹੁਤ ਕੁੱਝ ਚਾਹਿਆ ਸੀ-
ਕਿੰਨੀਆਂ ਚੀਜ਼ਾਂ ਦੀ ਕਾਮਨਾ ਸੀ ਕੀਤੀ!
ਪਰ ਲਗਦਾ ਹੈ ਇੱਕ ਸਦੀਵੀ ਉਦਾਸੀ-
ਸਦਾਬਹਾਰ ਦਰਦ ਦੇ ਸਿਵਾ
ਕੁੱਝ ਨਹੀਂ ਮਿਲੇਗਾ!
ਮੇਰੀ ਜ਼ਿੰਦਗੀ ਵਿੱਚ ਪਿਆਰ-ਰੂਪੀ ਕਮਲ
ਕਦੇ ਨਹੀਂ ਖਿਲੇਗਾ!



Academy of the Punjab in North America: http://www.apnaorg.com

ਇੰਝ ਹੀ ਜ਼ਿੰਦਗੀ ਬੀਤ ਜਾਏਗੀ-
ਇੰਝ ਹੀ ਸਮਾਂ ਗੁਜ਼ਰ ਜਾਏਗਾ!
ਆਪਣੇ ਖ਼ੂਬਸੂਰਤ, ਅਥਾਹ ਅਨੰਦ ਦਾ ਸਪਰਸ਼
ਕਦੇ ਨਹੀਂ ਕਰਾਏਗਾ!
ਉਹ ਪਲ ਕਦੇ ਨਹੀਂ ਆਉਣਗੇ-
ਜੋ ਸਮੇਂ ਤੋਂ ਰਹਿਤ ਹੁੰਦੇ ਨੇ-
ਜੋ ਅਸਥਾਈ ਹੁੰਦਿਆਂ ਵੀ ਸਥਾਈ ਹੁੰਦੇ ਨੇ!
ਧੜਕਦੀ ਹੋਈ ਖ਼ੁਸ਼ੀ ਕਦੇ ਵੀ
ਸਾਡੇ ਮਨ ਦੇ ਵਿਹੜੇ ਨਹੀਂ ਆਏਗੀ!
ਇੰਝ ਹੀ ਜ਼ਿੰਦਗੀ ਵਿੱਚ-
ਇੱਕ ਸੁੰਨਾਪਣ, ਖਾਲੀਪਣ ਰਹੇਗਾ....
ਹਰ ਪਲ ਤੜਪਾਉਂਦਾ ਰਹੇਗਾ!
ਇੱਕਲਤਾ ਦਾ ਅਹਿਸਾਸ ਕਰਾਉਂਦਾ ਰਹੇਗਾ!
ਕਿਸ ਨੂੰ ਕਹੀਏ - ਕਿੰਝ ਕਹੀਏ?
ਇੱਕ ਜਾਨਮ ਦੇ ਵਗੈਰ ਇਹ ਸਭ
ਕਿਸ ਕੋਲ, ਆਖ ਸਕਦੇ ਹਾਂ?
ਕੋਈ ਵੀ ਤਾਂ ਨਹੀਂ!
ਜ਼ਿੰਦਗੀ ਇੱਕ ਅੰਨ੍ਹੀ ਗਲ਼ੀ ਤੇ ਆ ਕੇ-
ਖਲੋ ਗਈ ਲਗਦੀ ਹੈ-
ਅੱਗੇ ਜਿਸਦੇ ਕੁੱਝ ਨਹੀਂ ਲੱਭ ਰਿਹਾ!
ਪਿੱਛੇ ਜਿਸਦੇ ਫਿੱਕੀਆਂ ਤੇ ਬੇਸਰੂਪ
ਯਾਦਾਂ ਦਾ ਧੂੰਆਂ ਹੈ!
ਸੁਲਗਦੇ ਸੁਪਨਿਆਂ ਦੇ ਅਰਮਾਨ ਨੇ!
ਅੱਖਾਂ ਵਿੱਚ ਜਲਦੀ ਸ਼ਬਨਮ ਦਾ ਸੇਕ ਹੈ!
ਅੰਨ੍ਹੀ-ਗਲ਼ੀ ਜ਼ਿੰਦਗੀ ਦੀ ਵਿੱਚ-
ਮੈਂ ਤਲਾਸ਼ ਕਿਸਦੀ ਕਰ ਰਿਹਾਂ ਹਾਂ?
ਜਦੋਂ ਕਿ ਪਤਾ ਹੈ ਕੁੱਝ ਨਹੀਂ ਮਿਲੇਗਾ!
ਇੰਝ ਹੀ ਤੜਪਦੇ ਰਹਾਂਗੇ-
ਇਸ ਮਾਣਸ-ਦੇਹ ਦੇ ਅੰਦਰ!
ਅਰਮਾਨਾਂ ਦੀ ਅੱਗ ਦੇ ਵਿੱਚ!



Academy of the Punjab in North America: http://www.apnaorg.com

ਖ਼ਾਹਿਸ਼ਾਵਾਂ, ਉਮੰਗਾਂ ਦੀ ਅੱਗ ਦੇ ਵਿੱਚ!
ਜਿਵੇਂ ਜ਼ਿੰਦਗੀ ਵਿੱਚ ਪਹਿਲਾਂ ਸਹਿਕਦੇ ਸੀ-
ਹੁਣ ਸਹਿਕ ਰਹੇ ਹਾਂ-
ਇੰਝ ਹੀ ਭਵਿੱਖ 'ਚ ਵੀ ਸਹਿਕਾਂਗੇ!
ਇਹ ਜੋ ਸਰਾਪ ਮਿਲ਼ਿਆ ਹੋਇਆ ਹੈ-
ਸਥਾਈ ਉਦਾਸੀ ਦਾ-
ਸਦਾਬਹਾਰ ਦਿਲਗੀਰੀ ਦੀ ਅਵਸਥਾ ਦਾ!





Academy of the Punjab in North America: http://www.apnaorg.com

# ਮੇਰੇ ਸੁਪਨੇ

ਮੇਰੇ ਸੁਪਨੇ ਇੰਝ ਟੁੱਟੇ
ਕੋਈ ਅਵਾਜ਼ ਵੀ ਨਹੀਂ ਹੋਈ-
ਅੱਖਾਂ ਵਿੱਚੋਂ ਹੰਝੂਆਂ ਦੀ
ਇੱਕ ਬੂੰਦ ਵੀ ਨਾ ਚੋਈ!
ਅੱਖੀਆਂ ਮਾਰੂਥਲ ਵਾਂਗ
ਤਪਦੀਆਂ ਰਹੀਆਂ-
ਰਾਤ ਪੈਣ ਤੇ ਉਸ ਮਾਰੂਥਲ ਵਿੱਚ
ਠੰਡਕ ਵੀ ਨਹੀਂ ਹੋਈ!

ਦੂਰ ਦੂਰ, ਕਾਲ਼ੀ ਰਾਤ
ਜ਼ਿੰਦਗੀ ਦੀ ਵਿੱਚ-
ਰੇਤ ਦੇ ਟਿੱਲੇ
ਨਜ਼ਰ ਨੇ ਆਉਂਦੇ!
ਇਸ ਮਾਰੂਥਲ ਨੂੰ
ਹੋਰ ਸੁੰਨਸਾਨ ਨੇ ਬਣਾਉਂਦੇ!
ਹਵਾ ਚੱਲਦੀ ਹੈ ਤਾਂ
ਰੇਤ ਉੜ ਉੜ ਹੈ ਜਾਂਦੀ-
ਹੰਝੂਆਂ ਤੋਂ ਕੋਰੀਆਂ
ਅੱਖਾਂ ਵਿੱਚ ਭਰਦੀ ਹੈ ਜਾਂਦੀ!
ਮੈਂ ਉਸ ਮਾਰੂਥਲ ਵਿੱਚ
ਭਟਕਦਾ ਹਾਂ ਫਿਰਦਾ-
ਆਪਣੇ ਵਾਸਤੇ ਨਖ਼ਲਿਸਤਾਨ
ਖੋਜਦਾ ਹਾਂ ਫਿਰਦਾ!
ਤਾਂ ਜੋ ਦੋ ਬੂੰਦ ਪਾਣੀ
ਅੱਖਾਂ 'ਚ ਪਾ ਸਕਾਂ!
ਅਤੇ ਦੋ-ਚਾਰ
ਨਕਲੀ ਹੰਝੂ ਲਿਆ ਸਕਾਂ!
ਆਹ! ਪਰ ਮੇਰਾ
ਨਖ਼ਲਿਸਤਾਨ ਨਹੀਂ ਮਿਲ਼ ਰਿਹਾ!

ਮੈਂ ਇਸ ਅਣਜਾਣ ਪ੍ਰਦੇਸ਼ 'ਚ
ਭਟਕਦਾ ਹਾਂ ਫਿਰ ਰਿਹਾ!
ਪਾਰਾਵਾਰ ਬਹੁਤ ਦੂਰ ਹੈ .....
ਮੈਂ ਆਪਣੀਆਂ ਅੱਖਾਂ ਦਾ



Academy of the Punjab in North America: http://www.apnaorg.com

ਕੀ ਮੁਦਾਵਾਂ ਕਰਾਂ?
ਆਪਣੇ ਨੈਣਾਂ ਨੂੰ
ਹੰਝੂਆਂ ਨਾਲ਼ ਕਿੰਝ ਭਰਾਂ?
ਅਸਮਾਨ ਵੀ ਠੰਡੇ
ਅਬਰ ਤੋਂ ਹੈ ਖਾਲੀ!
ਮੈਂ ਉਸਦੇ ਹੇਠਾਂ ਖੜਾ ਹਾਂ
ਬਣਕੇ ਸਵਾਲੀ!
ਆਪਣੇ ਟੁੱਟੇ-ਸੁਪਨੇ ਤੇ
ਖੁਸ਼ਕ ਅੱਖੀਆਂ ਲੈ ਕੇ-
ਮੈਂ ਜ਼ਿੰਦਗੀ ਦੇ ਮਾਰੂਥਲ 'ਚ
ਨਿਰੰਤਰ ਹਾਂ ਤੁਰ ਰਿਹਾ
ਮੇਰੀ ਜ਼ਿੰਦਗੀ ਦੀ ਰੇਤ ਦਾ ਟਿੱਲਾ-
ਹੌਲੀ ਹੌਲੀ,
ਹਵਾ ਦੇ ਵੇਗ ਨਾਲ਼
ਨਿਰੰਤਰ ਹੈ ਭੁਰ ਰਿਹਾ!
ਪਰ ਮੇਰਾ ਜਬੀਨੇ-ਸ਼ੌਕ
ਅਜੇ ਅਮਰ ਹੈ...
ਨਖ਼ਲਿਸਤਾਨ ਦੀ ਜੁਸਤਜੂ ਦਾ
ਅਜੇ ਉਸ ਅੰਦਰ ਸਬਰ ਹੈ!





Academy of the Punjab in North America: http://www.apnaorg.com

# ਪਤਝੜ!

ਜ਼ਿੰਦਗੀ ਦੇ ਸੁੰਨੇ ਰਸਤੇ – ਸੁੰਨੇ ਪਲ
ਔਖੇ ਕਿੱਥੇ ਲੈ ਕੇ ਜਾਣਗੇ?
ਹਰ ਪਲ ਇੱਕ ਬੋਝ ਚੁੱਕ ਕੇ ਜੀਣਾ-
ਖਾਲੀਪਨ ਦਾ ਫਿੱਕਾ ਜ਼ਹਿਰ ਪੀਣਾ!
ਬਹਾਰ ਦੇ ਮੌਸਮ 'ਚ
ਝੜੇ ਪੱਤਿਆਂ ਵਾਂਗ ਜੀਣਾ!
ਇਹ ਸੰਤਾਪ ਜਿਹੜਾ
ਸਾਡੇ ਚੁਫ਼ੇਰ ਪਸਰ ਗਿਆ ਹੈ-
ਮੁੱਕਦਿਆਂ ਨਹੀਂ ਮੁੱਕਦਾ!
ਪਤਾ ਨਹੀਂ ਅਜੇ ਕਿੰਨੀ ਦੇਰ
ਹੋਰ ਇੰਝ ਹੀ ਭਟਕਣਾ ਏ!
ਜਿਹੜੀ ਸਥਾਈ ਤੜਪ
ਸਾਡੇ ਅੰਦਰ ਰਚ ਚੁੱਕੀ ਹੈ-
ਪਤਾ ਨਹੀਂ ਉਸਨੇ ਕਦੋਂ ਸ਼ਾਂਤ ਹੈ ਹੋਣਾ?
ਕਦੋਂ ਸਾਡੇ ਮਨ ਦੇ ਵਿਹੜੇ 'ਚ
ਕੋਮਲ ਫੁੱਲਾਂ ਨੇ ਖਿੜਨਾ ਏ-
ਕਦੋਂ ਬਸੰਤ ਦੀ ਬਹਾਰ ਨੇ-
ਸਾਡੇ ਘਰ ਦਸਤਕ ਦੇਣੀ ਏ?
ਮੈਂ ਬੜੀ ਤਮੰਨਾ ਨਾਲ਼ ਉਡੀਕ ਰਿਹਾ ਹਾਂ-
ਖ਼ੂਬਸੂਰਤ ਪੈਰਾਂ ਦੀ ਆਹਟ!
ਪਰ ਅਜੇ ਤਾਂ ਕੁੱਝ ਵੀ ਨਹੀਂ ਹੈ!
ਸਾਡੇ ਮਨ ਦਾ ਵਿਹੜਾ ਵੀਰਾਨ ਹੈ...
ਪਤਝੜ ਦਾ ਮੌਸਮ ਏ!

ਪਤਝੜ!
ਬਿੱਖਰੇ-ਮੁਰਝਾਏ ਪੱਤੇ!
ਉਫ਼! ਜ਼ਿੰਦਗੀ ਵੀ ਕਿੰਝ ਬਿੱਖਰ ਹੈ ਜਾਂਦੀ?
ਪਤਾ ਹੀ ਨਹੀਂ ਚੱਲਦਾ-
ਕਦੋਂ ਸ਼ਾਂਤ ਜ਼ਿੰਦਗੀ 'ਚ
ਹਲਚਲ ਹੈ ਮਚ ਜਾਂਦੀ?
ਰਾਤਾਂ ਜਦੋਂ ਡਾਹਢਾ ਤੜਪਾਉਂਦੀਆਂ ਨੇ,
ਤੇ ਦਿਨ ਜਦੋਂ ਪੀੜ ਜਿਹੀ ਵਾਂਗ ਵਹਿੰਦੇ ਨੇ.....
ਪਤਾ ਨਹੀਂ ਇਸਤੋਂ ਬਾਹਰ ਨਿੱਕਲਣ ਦਾ ਰਸਤਾ



Academy of the Punjab in North America: http://www.apnaorg.com

ਕਿੱਥੋਂ ਸ਼ੁਰੂ ਹੁੰਦਾ ਏ-
ਪਤਾ ਨਹੀਂ ਖ਼ੂਬਸੂਰਤ ਮੋੜ ਕਦੋਂ ਨੇ ਆਉਂਦੇ?
ਜਦੋਂ ਅਜਨਬੀ ਤੇ ਅਜਨਬੀ ਦੇ ਵਿਚਕਾਰ
ਕੋਈ ਦੀਵਾਰ ਨਹੀਂ ਰਹਿੰਦੀ...
ਅਤੇ ਇੱਕ ਨਵੀਂ ਪਹਿਚਾਣ ਦਾ ਸਫ਼ਰ
ਸ਼ੁਰੂ ਹੁੰਦਾ ਏ...
ਸਭ ਕੁੱਝ ਪਤਾ ਨਹੀਂ ਕਿੰਝ ਬੀਤ ਜਾਂਦਾ ਏ?
ਖ਼ੂਬਸੂਰਤ, ਖਾਲੀ ਪਲ,
ਪਤਾ ਨਹੀਂ ਕਦੋਂ ਪਲਕ-ਝਲਕ 'ਚ
ਉੜ ਜਾਂਦੇ ਨੇਂ!
ਆਪਣੇ ਪਿੱਛੇ ਯਾਦਾਂ ਦੇ ਨਿਸ਼ਾਨ
ਹੀ ਤਾਂ ਛੱਡ ਜਾਂਦੇ ਨੇਂ!
ਫੇਰ ਯਾਦਾਂ ਹੀ ਜੀਣ ਨਹੀਂ ਦਿੰਦੀਆਂ
ਅਤੇ ਡਾਹਢਾ ਤੜਪਾਉਂਦੀਆਂ ਨੇ....

ਕੁੱਝ ਪਲ ਬੜੇ ਬੋਝਿਲ ਹੁੰਦੇ ਨੇ,
ਤੇ ਕੁੱਝ ਪਲ ਬੜੇ ਹਸੀਨ!
ਇਸ ਤਰ੍ਹਾਂ ਕਿਉਂ ਹੈ ਹੁੰਦਾ-
ਸਮਾਂ ਖਲੋ ਕਿਓਂ ਨਹੀਂ ਜਾਂਦਾਂ-
ਤਾਂ ਜੋ ਹਸੀਨ-ਪਲ ਅਨੰਤਤਾ ਤੱਕ ਰਹਿਣ...
ਪਰ ਇਹ ਤਾਂ ਬੋਝਿਲ ਪਲਾਂ 'ਚ ਖੜਦਾ ਏ-
ਅਤੇ ਬੋਝਿਲ ਪਲ
ਖ਼ਤਮ ਹੋਣ 'ਚ ਨਹੀਂ ਆਉਂਦੇ
ਬੋਝਿਲ ਰਾਤਾਂ ਅਤੇ
ਉਕਤਾਹਟ ਭਰੇ ਦਿਨ!
ਜਦੋਂ ਅੱਖਾਂ 'ਚ ਵੀਰਾਨੀ ਜਿਹੀ ਛਾ ਜਾਂਦੀ ਹੈ-
ਜਦੋਂ ਜੁਦਾਈ ਬਹੁਤ ਤੜਪਾਉਂਦੀ ਹੈ-
ਇੱਕਲੇ ਹੋਣ ਦਾ ਅਹਿਸਾਸ
ਵੱਢ ਵੱਢ ਹੈ ਖਾਂਦਾ-
ਜਦੋਂ ਗ਼ਮ ਹੱਡਾਂ ਨੂੰ ਖੋਰਦਾ ਹੈ ਜਾਂਦਾ!
ਸਭ ਕੁੱਝ ਪਤਾ ਨਹੀਂ ਕਿਹੋ ਜਿਹਾ ਹੈ ਹੁੰਦਾ?
ਬਕਬਕਾ ਜਿਹਾ, ਨੀਰਸ ਜਿਹਾ!
ਜ਼ਿੰਦਗੀ ਵੀ ਕਦੇ ਕਦੇ
ਨੀਰਸ ਜਿਹੀ ਲੱਗਣ ਲੱਗ ਜਾਂਦੀ ਹੈ-



Academy of the Punjab in North America: http://www.apnaorg.com

ਇੱਕ ਖਾਲੀਪਨ 'ਚ ਲੈ ਜਾਂਦੀ ਹੈ-
ਜਾਂ ਫੇਰ ਖਾਲੀਪਨ ਤੁਹਾਡੇ ਅੰਦਰ ਹੀ ਆ ਜਾਂਦਾ ਹੈ!
ਤੁਹਾਨੂੰ ਪਤਾ ਹੀ ਨਹੀਂ ਚੱਲਦਾ?
ਹਾਲਾਂਕਿ ਓਪਰਾ ਜਿਹਾ ਅਹਿਸਾਸ ਹੈ ਹੁੰਦਾ-
ਓਪਰਾ ਜਿਹਾ ਇਹ ਵੀ ਪਤਾ ਹੈ ਹੁੰਦਾ-
ਕਿ ਅਸੀਂ ਅੰਦਰੋਂ ਕਿਤਿਓਂ
ਟੁਕੜਿਆਂ 'ਚ ਹਾਂ ਟੁੱਟ ਰਹੇ!
ਪਰ ਅਸੀਂ ਪਰਵਾਹ ਨਹੀਂ ਕਰਦੇ!
ਟੁਰਦੇ ਰਹਿੰਦੇ ਹਾਂ-
ਟੁੱਟਦੇ ਰਹਿੰਦੇ ਹਾਂ-
ਜਦ ਤੱਕ ਖਾਲੀਪਨ ਸਾਡੇ ਅੰਦਰ
ਘਰ ਨਹੀਂ ਕਰ ਜਾਂਦਾ!

ਅਨੰਤ ਯਾਤਰਾ...
ਅਤੇ ਅਸੀਂ ਇਕੱਲੇ ਭਟਕਦੇ ਹਾਂ -
ਤਨਹਾ!
ਇੱਕ ਉਮਰ -
ਆਪਣੀ ਪਹਿਚਾਣ ਢੂੰਡਦੇ ਹੋਏ -
ਜਦੋਂ ਅਸੀਂ ਆਪਣੇ ਆਪ ਤੋਂ
ਅਜਨਬੀ ਹੋ ਜਾਂਦੇ ਹਾਂ...





Academy of the Punjab in North America: http://www.apnaorg.com

# .ਗਜ਼ਲ –ਸਵਾਲ ਦਾ ਜਵਾਬ

ਇਹ ਮੇਰੇ ਸਵਾਲ ਦਾ ਜਵਾਬ ਹੈ!
ਅੱਜ ਉਸਦੇ ਚਿਹਰੇ ਤੇ ਹਿਜਾਬ ਹੈ!
ਤੇਰੇ ਇਲਾਜ ਦੀ ਇਹ ਤਾਸੀਰ ਹੈ –
ਮਨ ਪਹਿਲਾਂ ਤੋਂ ਵੀ ਇਜ਼ਤਰਾਬ ਹੈ!
ਉਸਦੀ ਫ਼ੁਰਕਤ ਦਾ ਅਸਰ ਹੈ ਇਹ –
ਕਿ ਦਿਲ ਦਰਦ ਨਾਲ਼ ਸ਼ਾਦਾਬ ਹੈ!
ਅਹਿਲੇ-ਦਿਲ ਜ਼ਰਾ ਆ ਕੇ ਦੇਖ –
ਸਾਡੀ ਜ਼ਿੰਦਗੀ 'ਚ ਹਸ਼ਰ ਅਜ਼ਾਬ ਹੈ!






Academy of the Punjab in North America: http://www.apnaorg.com

# ਜ਼ਿੰਦਗੀ ਦਾ ਸੱਚ

ਮੇਰੀ ਜ਼ਿੰਦਗੀ ਦੀ ਸ਼ਬ-ਕਦਰ ਹੈ-
ਮੈਨੂੰ ਦਰਦ ਦਾ ਸਮਾਨ ਮਿਲਿਆ!
ਮੁੱਹਬਤ ਵਿੱਚ ਫ਼ਨਾਂ ਹੋਣ ਦਾ -
ਇਹ ਖੂਬਸੂਰਤ ਸਨਮਾਨ ਮਿਲਿਆ!
ਜ਼ਿੰਦਗੀ ਬਰਬਾਦ ਹੈ ਤਾਂ ਕੀ ਹੈ -
ਦਿਲ ਸ਼ਾਦਾਬ ਹੈ ਤਾਂ ਕੀ ਹੈ -
ਮੈਂ ਸ਼ਾਦ ਵੀ ਹਾਂ, ਅਬਾਦ ਵੀ ਹਾਂ -
ਅੱਜ ਮੇਰੇ ਸ਼ੌਕ ਨੂੰ ਕਦਰਦਾਨ ਮਿਲਿਆ!
ਮੈਂ ਸੁੰਨੇ ਰਾਹਾਂ ਤੇ ਚਲਦਾ ਰਿਹਾ -
ਜ਼ਿੰਦਗੀ ਦੇ ਹਰ ਮੋੜ ਤੇ ਭੁੱਲਦਾ ਰਿਹਾ -
ਅੱਜ ਇਸ ਮੋੜ ਤੇ ਪੁੱਜ ਕੇ -
ਮੈਨੂੰ ਜ਼ਿੰਦਗੀ ਦਾ ਸੱਚ ਅਯਾਨ ਮਿਲਿਆ!





Academy of the Punjab in North America: http://www.apnaorg.com

# ਗ਼ਜ਼ਲ - ਅੱਜ ਦੀ ਰਾਤ

ਅੱਜ ਦੀ ਰਾਤ ਖ਼ੁਸ਼ਨਸੀਬ ਹੈ!
ਮੇਰੀ ਅਹਿਲ ਮੇਰੇ ਕਰੀਬ ਹੈ!
ਦਿਲ ਅੰਦਰ ਇਹੋ ਖ਼ਲਿਸ਼ ਹੈ -
ਮੇਰਾ ਹਬੀਬ ਮੇਰਾ ਰਕੀਬ ਹੈ!
ਉਸਦੇ ਜਬੀਨੇ-ਸ਼ੌਕ ਤੇ ਤੇਵਰ,
ਮੇਰੇ ਖ਼ਾਬਾਂ ਦੀ ਤਖ਼ਰੀਬ ਹੈ!
ਜੇ ਮੇਰੇ ਦਿਲ ਅੰਦਰ ਦਰਦ ਹੈ -
ਇਹ ਮੇਰਾ ਆਪਣਾ ਨਸੀਬ ਹੈ!





Academy of the Punjab in North America: http://www.apnaorg.com

# ਇੱਕ ਸੁਪਨੇ ਦੀ ਦਾਸਤਾਨ

(ਇੱਕ)

ਅੱਜ ਮੇਰਾ ਸੁਪਨਾ –
ਸੁਪਨੇ 'ਚ ਆਇਆ!
ਪਰ ਮੈਂ ਪਿਆਰ ਦਾ
ਇੱਕ ਬੋਲ ਵੀ ਨਾ ਕਹਿ ਪਾਇਆ!
ਹਾਏ! ਕਿਹੋ ਜਿਹੀ ਹੈ ਜੁਦਾਈ!
ਅਸੀਂ ਬਣ ਗਏ ਹਾਂ ਸ਼ੁਦਾਈ!
ਕੁੱਝ ਕਰ ਵੀ ਨਹੀਂ ਸਕਦੇ...
ਅਫ਼ਸੋਸ! ਮਰ ਵੀ ਨਹੀਂ ਸਕਦੇ!

(ਦੋ)

ਸ਼ਾਮ ਦੀ ਰੰਗਤ ਅਜੀਬ ਹੈ!
ਸਿਰਫ਼ ਦਰਦ ਹੀ ਕਰੀਬ ਹੈ!
ਦਿਲ ਦਾ ਮੌਸਮ ਉਦਾਸ ਹੈ!
ਫ਼ਿਜ਼ਾ ਵਿੱਚ ਇੱਕ ਪਿਆਸ ਹੈ!
ਬੱਸ ਰਾਤ ਦੀ ਉਡੀਕ ਹੈ!
ਫਿਰ ਸੁਪਨੇ 'ਚ ਸੁਪਨੇ ਦੀ ਉਡੀਕ ਹੈ!





Academy of the Punjab in North America: http://www.apnaorg.com

## ਗ਼ਜ਼ਲ – ਚਾਹ

ਮਨ 'ਚ ਸਿਤਾਰਿਆਂ ਨੂੰ ਚੁੰਮਣ ਦੀ ਚਾਹ ਹੈ!
ਪਰ ਜ਼ਿੰਦਗੀ ਦਾ ਔਖਾ ਬੜਾ ਰਾਹ ਹੈ!
ਹਰ ਦਿਨ ਮੈਂ ਮੰਜ਼ਿਲ ਵੱਲ੍ਹ ਹਾਂ ਵਧ੍ਹ ਰਿਹਾ,
ਪਰ ਮੇਰੀ ਮੰਜ਼ਿਲ ਦਾ ਪੈਂਡਾ ਅਸਗਾਹ ਹੈ!
ਮੇਰੇ ਮਹਿਬੂਬ! ਮੈਂ ਤੇਰੇ ਲਈ ਕਿੰਝ ਤੜਪ ਰਿਹੈਂ,
ਤੈਨੂੰ ਏਸਦੀ ਕਦੋਂ ਰਤਾ ਵੀ ਪਰਵਾਹ ਹੈ!
ਨਾਂ ਚੰਨ, ਨਾ ਤਾਰੇ, ਨਾ ਫੁੱਲ ਨਾ ਪੱਤੀਆਂ,
ਮੇਰੀ ਮੁਹੱਬਤ ਦਾ ਇੱਕ ਅਹਿਸਾਸ ਗਵਾਹ ਹੈ!
ਤੇਰੀ ਤਲਾਸ਼ ਉਦੋਂ ਤੱਕ ਰਹੇਗੀ ਹਮਨਵਾ,
ਜਦ ਤੱਕ ਮੇਰੇ ਸਾਹਾਂ ਦੇ ਅੰਦਰ ਸਾਹ ਹੈ!





Academy of the Punjab in North America: http://www.apnaorg.com

# ਅਣਬੁਝ ਪਿਆਸ

ਕੀ ਸੋਚੀਏ? ਕੀ ਕਰੀਏ?
ਕੁੱਝ ਸਮਝ ਨਹੀ ਆਉਂਦਾ!
ਹਰ ਪਲ ਹਰ ਛਿਣ,
ਜ਼ਿੰਦਗੀ ਦਾ ਇੱਕਲਾਪਣ ਸਤਾਉਂਦਾ!
ਚੁੱਪਚਾਪ, ਖ਼ਾਮੋਸ਼ ਬੈਠਿਆਂ
ਖਲਾਅ ਵੱਲੁ ਘੂਰਨਾ...
ਅਤੇ ਆਪਣੇ ਇੱਕਲੇਪਣ ਦੀ ਬੇਬਸੀ
'ਤੇ ਹਰ ਪਲ ਝੂਰਨਾ...
ਕਿਹੋ ਜਿਹੀ ਅਜੀਬ
ਜ਼ਿੰਦਗੀ ਦੀ ਬਾਤ ਹੋ ਗਈ!
ਹਰ ਰੋਜ਼ ਜ਼ਿੰਦਗੀ
ਹੰਝੂਆਂ ਦੀ ਸੌਗਾਤ ਹੋ ਗਈ!
ਹਰ ਦਿਨ ਜ਼ਿੰਦਗੀ ਦਾ
ਫਿੱਕਾ ਅਤੇ ਉਦਾਸ ਹੈ...
ਹਰ ਰਾਤ ਜ਼ਿੰਦਗੀ ਦੀ
ਇੱਕ ਅਣਬੁਝ ਪਿਆਸ ਹੈ!
ਜਦ ਵੀ ਉਸ ਪਿਆਸ
ਨੂੰ ਬੁਝਾਉਂਦੇ ਹਾਂ।
ਉਸਨੂੰ ਪਹਿਲਾਂ ਤੋਂ ਵੀ ਵੱਧ
ਹੋਰ ਤਿੱਖਾ ਪਉਂਦੇ ਹਾਂ।






Academy of the Punjab in North America: http://www.apnaorg.com

# ਗ਼ਜ਼ਲ – ਮੁਹੱਬਤ

ਜੇ ਬਹੁਤਾ ਨਹੀਂ ਤਾਂ ਥੋੜਾ ਜਿਹਾ ਮੁਸਕਰਾ ਦੇ!
ਇੱਕ ਫੁੱਲ ਪਿਆਰ ਦਾ ਸਾਡੀ ਝੋਲੀ ਵਿੱਚ ਪਾ ਦੇ!
ਇੱਕ ਨਜ਼ਰ ਜ਼ਰਾ ਮੁਹੱਬਤ ਨਾਲ਼ ਵੇਖ ਕੇ,
ਮੇਰੇ ਤਪਦੇ ਹਿਰਦੇ ਨੂੰ ਥੋੜ੍ਹੀ ਠੰਡਕ ਪੰਹੁਚਾ ਦੇ!
ਤੂੰ ਤੇ ਮੈਂ ਹੁਣ ਜਿਸ ਮੋੜ ਤੇ ਹਾਂ ਹਮਨਵਾ,
ਉਸ ਮੋੜ ਤੇ ਮੁਹੱਬਤ ਦਾ ਕੋਈ ਗੀਤ ਸੁਣਾ ਦੇ!
ਕੁੱਝ ਪਲ ਪਿਆਰ ਦੇ ਇੱਕ ਦਿਨ ਉਧਾਰੇ ਦੇ ਕੇ,
ਮੇਰੇ ਕੱਚੇ ਸੁਪਨਿਆਂ ਨੂੰ ਹਕੀਕਤ ਬਣਾ ਦੇ!





Academy of the Punjab in North America: http://www.apnaorg.com

# ਗ਼ਜ਼ਲ - ਇਹ ਬੇਚੈਨੀ, ਇਹ ਬੇਕਰਾਰੀ

ਇਹ ਬੇਚੈਨੀ, ਇਹ ਬੇਕਰਾਰੀ ਕਿਓਂ ਹੈ?
ਇੱਕ ਖ਼ਲਿਸ਼ ਜਿਹੀ ਰਾਤ ਸਾਰੀ ਕਿਓਂ ਹੈ?
ਮੇਰੀ ਤਹਿਰੀਰ ਅਜੀਬ ਜਿਹੀ ਹੈ,
ਮੇਰੀ ਨਜ਼ਮ ਵੀ ਗ਼ਮ ਨਾਲ਼ ਭਾਰੀ ਕਿਓਂ ਹੈ?
ਕਦੇ ਮੇਰੀ ਜ਼ਿੰਦਗੀ 'ਚ ਫੁੱਲ ਹੀ ਫੁੱਲ ਸਨ,
ਹੁਣ ਇਸ ਵਿੱਚ ਪਤਝੜ੍ਹ ਹੀ ਸਾਰੀ ਕਿਓਂ ਹੈ?
ਦਿਲ ਦੇ ਅੰਦਰ ਦਰਦ ਜਿਹਾ ਅਤੇ
ਅੱਖਾਂ ਦੇ ਵਿੱਚ ਗ਼ਮ ਦੀ ਖ਼ੁਮਾਰੀ ਕਿਓਂ ਹੈ?





Academy of the Punjab in North America: http://www.apnaorg.com

# ਗ਼ਜ਼ਲ – ਜ਼ਿੰਦਗੀ

ਜ਼ਿੰਦਗੀ ਤੇਰੇ ਸਭ ਗ਼ਮ ਨੇ ਸਾਨੂੰ ਮੰਜ਼ੂਰ!
ਚਾਹੇ ਸਾਡੇ ਮਨਾਂ 'ਚ ਕੁੱਝ ਸ਼ਿਕਵੇ ਨੇ ਜ਼ਰੂਰ!
ਤੇਰੀ ਬਜ਼ਮ ਅੰਦਰ ਮੈਂ ਅੱਜ ਆ ਹੀ ਗਿਆ,
ਤੈਨੂੰ ਮਾਫ਼ ਕਰਨੇ ਪੈਣੇ ਨੇ ਮੇਰੇ ਕਸੂਰ!
ਹੋਰ ਕਿਸੇ ਚੀਜ਼ ਦੀ ਆਰਜ਼ੂ ਨਹੀਂ ਹੈ,
ਨਿਗਾਹੇ-ਸ਼ੌਕ ਦਾ ਤਲਬਗਾਰ ਹਾਂ ਮੇਰੇ-ਹਜ਼ੂਰ!
ਥੋੜ੍ਹੀ ਜਿਹੀ ਖ਼ੁਦਦਾਰੀ ਮੇਰੇ ਵਿੱਚ ਵੀ ਹੈ,
ਤੇ ਥੋੜ੍ਹਾ ਜਿਹਾ ਉਹ ਵੀ ਬਣ ਗਏ ਨੇ ਮਗ਼ਰੂਰ!
ਨਾ ਹੀ ਸਹਬਾ ਦਾ ਤੇ ਨਾ ਹੀ ਜਵਾਨੀ ਦਾ,
ਮੇਰੇ ਨੈਣਾਂ 'ਚ ਤਾਂ ਦੀਵਾਨਗੀ ਦਾ ਹੈ ਸਰੂਰ!





Academy of the Punjab in North America: http://www.apnaorg.com

# ਦਰਦ

ਦਰਦ ਕਦੇ ਕਦੇ ਕਿੰਨਾ ਤਿੱਖਾ ਹੈ ਹੋ ਜਾਂਦਾ–
ਮਨ ਦੇ ਅੰਦਰ ਅਜਬ ਖਲਬਲੀ ਹੈ ਮਚਾਂਦਾ!
ਅਸੀਂ ਕਿਹੜੇ ਰਾਹਾਂ ਦੇ ਰਾਹੀ ਹਾਂ?
ਕੁੱਝ ਨਹੀਂ ਪਤਾ ਚੱਲ ਰਿਹਾ–
ਜੀਵਨ ਪਲ ਪ੍ਰਤੀ ਪਲ
ਦਰਦ ਦੇ ਦਰਿਆਓ ਵੱਲ੍ਹ ਚੱਲ ਰਿਹਾ!
ਅਜੀਬ ਜਿਹੇ ਦਿਨ ਨੇ ਤੇ
ਬਕਬਕੀਆਂ ਜਿਹੀਆਂ ਰਾਤਾਂ ਨੇ!
ਜ਼ਿੰਦਗੀ ਦੀ ਸਿਖ਼ਰ ਦੁਪਿਹਰੇ
ਗ਼ਮ ਦੀਆਂ ਕਿਹੋ ਜਿਹੀਆਂ ਸੌਗਾਤਾਂ ਨੇ!
ਹਰ ਪਲ ਇੱਕ ਆਤਮਹੱਤਿਆ
ਦੇ ਵਾਂਗ ਹੈ ਲਗਦਾ....
ਹਰ ਪਲ ਦਿਲ ਦੇ ਅੰਦਰ
ਖਾਲੀਪਨ ਦਾ ਦਰਿਆ ਹੈ ਵਗਦਾ!





Academy of the Punjab in North America: http://www.apnaorg.com

# ਇੱਕ ਮੋੜ

ਪਤਾ ਨਹੀਂ ਕਿਸ ਮੋੜ ਤੇ
ਜ਼ਿੰਦਗੀ ਹੈ ਰੁਕ ਗਈ
ਹਰ ਪਲ ਹਰ ਛਿਣ
ਪਾਗਲ ਹਵਾ ਹੈ ਤੜਪਾ ਰਹੀ
ਇਸ ਹਵਾ ਦੇ ਵਹਿਣ ਵਿੱਚ ਹਾਂ ਵਹਿ ਗਏ!
ਹਰ ਤੀਰ ਜ਼ਿੰਦਗੀ ਦਾ ਹੱਸ ਕੇ ਸਹਿ ਗਏ!
ਪਤਾ ਨਹੀਂ ਉਸ ਹਾਸੇ ਦੇ ਵਿੱਚ
ਕਿਹੋ ਜਿਹੀ ਉਦਾਸੀ ਸੀ!
ਸ਼ਬਰੇ ਉਹ ਫਿੱਕੀ ਜਿਹੀ
ਮੁਸਕਾਨ ਹੀ ਪਰਵਾਸੀ ਸੀ!
ਹੁਣ ਤਾਂ ਚਿਹਰੇ ਤੇ ਮੁਸਕਾਨ ਵੀ
ਅਜਨਬੀ ਹੈ ਲਗਦੀ!
ਤੇ ਇੱਕ ਮੁਸਕਾਨ ਲਿਆਉਣੀ
ਬੇਬਸੀ ਹੈ ਲਗਦੀ!
ਇਹ ਆਲਮ ਪਤਾ ਨਹੀਂ ਕਿਓਂ
ਦਿਲੋ-ਦਿਮਾਗ਼ ਤੇ ਛਾ ਰਿਹਾ?
ਹਰ ਪਲ ਹਰ ਛਿਣ
ਇੱਕ ਅੱਗ ਵਿੱਚ ਜਲਾ ਰਿਹਾ।
ਇਸ ਆਲਮ ਵਿੱਚ ਹਾਂ ਜੀ ਰਹੇ-
ਇੱਕ ਦਿਨ ਕੂਲ਼ੀ ਹਵਾ ਵਹੇਗੀ....
ਆਪਣੀ ਮਿੱਠੀ ਅਵਾਜ਼ ਨਾਲ਼
ਜ਼ਿੰਦਗੀ ਪਿਆਰ ਦੇ ਦੋ ਬੋਲ ਕਹੇਗੀ....





Academy of the Punjab in North America: http://www.apnaorg.com

# ਕਸ਼ਮਕਸ਼

ਪਤਾ ਨਹੀਂ ਕਦੋਂ ਜ਼ਿੰਦਗੀ ਦੀ ਝੀਲ ਵਿੱਚ-
ਪਿਆਰ ਦਾ ਕਮਲ ਖਿਲੇਗਾ...
ਕਦੋਂ ਜ਼ਿੰਦਗੀ ਮੁਸਕਾ ਕੇ ਮੈਨੂੰ
ਆਪਣਾ ਖ਼ੂਬਸੂਰਤ ਸਪਰਸ਼ ਬਖ਼ਸ਼ੇਗੀ..
ਸਭ ਕੁਝ ਕਿਸ ਤਰ੍ਹਾਂ ਬੀਤ ਹੈ ਜਾਂਦਾ-
ਬੱਸ ਯਾਦਾਂ ਦਾ ਧੂੰਆ ਜਿਹਾ ਹੈ ਰਹਿ ਜਾਂਦਾ-
ਜਾਂ ਫੇਰ ਧੁੰਧਲੇ ਜਿਹੇ ਪਰਛਾਵੇਂ-
ਜਿਹੜੇ ਹਰ ਪਲ ਤੜਪਾਉਂਦੇ ਨੇ-
ਇੱਕ ਕਸ਼ਮਕਸ਼ 'ਚ ਉਲਝਾਉਂਦੇ ਨੇ!
ਮੈਨੂੰ ਦਰਦ ਭਰੇ ਮੋੜ ਤੇ ਚੱਲਦਿਆਂ -
ਤੂੰ ਕਦੇ ਤਾਂ ਖ਼ੁਸ਼ੀ ਦਾ ਰਸਤਾ ਦੇ ਦੇ ਜ਼ਿੰਦਗੀ!
ਸਾਨੂੰ ਪਿਆਰ ਦਾ ਇੱਕ ਦਿਨ ਉਧਾਰਾ ਦੇ ਦੇ ਜ਼ਿੰਦਗੀ!
ਪਤਾ ਨਹੀਂ ਕਿਹੋ ਜਿਹੀ ਤੜਪ ਹੈ ਤੜਪਾਉਂਦੀ...
ਹਰ ਰਾਤ ਬੜਾ ਹੈ ਸਤਾਉਂਦੀ
ਬੀਤੇ ਪਲਾਂ ਦੇ ਗੁਆਚੇ ਨਿਸ਼ਾਨ-
ਮੈਂ ਹਰ ਰਾਤ ਹਾਂ ਤਲਾਸ਼ ਕਰਦਾ!
ਹਰ ਰਾਤ ਹਿਜਰ ਦੇ ਸਾਹਿਰਾਂ 'ਚੋਂ
ਮੈਂ ਗ਼ਮ ਦੀ ਰੇਤ ਅੱਖਾਂ 'ਚ ਹਾਂ ਭਰਦਾ!
ਉਸ ਹਿਜਰ ਦੇ ਸਾਹਿਰਾ 'ਚ
ਅਜੇ ਤੱਕ ਵਸਲ ਦਾ ਕਾਰਵਾਂ ਨਹੀਂ ਮਿਲ਼ਿਆ!
ਯਾਦਾਂ ਦੀ ਸੌਗਾਤ 'ਚ
ਪਿਆਰ ਦਾ ਫੁੱਲ ਬਸੰਤੀ ਨਹੀਂ ਰਲ਼ਿਆ!



Academy of the Punjab in North America: http://www.apnaorg.com

ਸਮੇਂ ਦੀ ਨਦੀ ਵਹਿੰਦੀ ਹੈ ਜਾਂਦੀ!
ਮਨ ਨੂੰ ਨਿਰਾਸ਼ਾ 'ਚ ਡੁਬਾਉਂਦੀ ਹੈ ਜਾਂਦੀ!
ਕਦੇ ਕਦੇ ਇਹ ਨਿਰਾਸ਼ਾ ਅਸਹਿ ਹੈ ਹੋ ਜਾਂਦੀ!
ਕਦੇ ਕਦੇ ਇਹ ਆਸ ਦੀ ਇੱਕ ਚਿਣਗ ਹੈ ਜਗਾਂਦੀ!
ਨਿਰਾਸ਼ਾ ਤੋਂ ਆਸ਼ਾ ਤੱਕ ਦਾ ਸਫ਼ਰ...
ਬੱਸ ਆਸ਼ਾ ਹੀ ਜ਼ਿੰਦਗੀ ਦਾ ਪ੍ਰੇਰਣਾ-ਸ੍ਰੋਤ ਹੈ!
ਨਹੀਂ ਤਾਂ ਕੀ ਹੈ ਇਸ ਵਿੱਚ - ਸੁੰਨਾਪਣ, ਖਾਲੀਪਣ!
ਤੁਰ ਰਹੀ ਹੈ ਦਰਦ ਦੇ ਰਸਤੇ 'ਤੇ ਜ਼ਿੰਦਗੀ-
ਖ਼ੁਸ਼ੀ ਦੇ ਮੋੜ ਨੂੰ ਉਡੀਕਦੀ ਹੋਈ....






Academy of the Punjab in North America: http://www.apnaorg.com

## ਗ਼ਜ਼ਲ – ਕਰਜ਼

ਕਰਜ਼ ਜ਼ਿੰਦਗੀ ਦਾ ਚੁਕਾਉਣਾ ਪਿਆ!
ਸਾਰੀ ਉਮਰ ਇਹ ਬੋਝੂ ਉਠਾਉਣਾ ਪਿਆ!
ਹਰ ਰਾਹ ਵਿੱਚ ਜ਼ਿੰਦਗੀ ਦੀ ਕੰਡੇ ਸਨ ਬਿੱਖਰੇ,
ਫਿਰ ਵੀ ਸਾਨੂੰ ਨੰਗੇ ਪੈਰੀਂ ਆਉਣਾ ਪਿਆ!
ਪਿਆਰ ਦੀ ਇੱਕ ਕਿਰਨ ਲੱਭਦਿਆਂ ਹੋਇਆਂ,
ਸਾਨੂੰ ਜ਼ਿੰਦਗੀ ਦੇ ਹਨੇਰੇ ਨੂੰ ਰੁਸਾਉਣਾ ਪਿਆ!
ਨਵੀਆਂ ਯਾਦਾਂ ਦੀ ਸੌਗਾਤ ਦੇ ਵਾਸਤੇ,
ਪੁਰਾਣੀਆਂ ਯਾਦਾਂ ਦੇ ਘਰ ਨੂੰ ਜਲਾਉਣਾ ਪਿਆ!
ਕਰਜ਼ ਜ਼ਿੰਦਗੀ ਦਾ ਚੁਕਾਉਣਾ ਪਿਆ!
ਹਰ ਪਲ ਇਹ ਬੋਝ, ਉਠਾਉਣਾ ਪਿਆ!





Academy of the Punjab in North America: http://www.apnaorg.com

# ਤਾਰੀਕ ਰਾਤ

ਇਸ ਰਾਤ ਤੋਂ ਸਾਰੇ ਸਿਤਾਰੇ ਟੁੱਟ ਕੇ
ਮੇਰੀਆਂ ਯਾਦਾਂ ਨੂੰ ਰੌਸ਼ਨ ਨੇ ਕਰ ਰਹੇ!
ਜ਼ਿੰਦਗੀ ਦੀ ਤਾਰੀਕ ਰਾਤ ਦੇ ਵਿੱਚ
ਚਾਹੇ ਥੋੜ੍ਹੀ ਜਿੰਨੀ ਰੌਸ਼ਨੀ ਨੇ ਭਰ ਰਹੇ!

ਇਹ ਥੋੜ੍ਹੀ ਜਿੰਨੀ ਰੌਸ਼ਨੀ ਹੋ ਸਕਦਾ ਹੈ
ਇੱਕ ਚੰਦਰਮਾ ਦਾ ਰੂਪ ਧਰ ਲਵੇ!
ਤੇ ਮੇਰੀ ਜ਼ਿੰਦਗੀ ਦੀ ਮੱਧਮ ਜਿਹੀ ਰਾਤ ਨੂੰ
ਪੀੜ ਭਰੀ ਸਵੇਰ ਤੋਂ ਅਜ਼ੀਮਤਰ ਕਰ ਦਵੇ!





Academy of the Punjab in North America: http://www.apnaorg.com


# ਕੰਕਰ-ਪੱਥਰ

ਜ਼ਿੰਦਗੀ ਕਿਸ ਮੋੜ ਤੇ ਲੈ ਆਈ-
ਤਬਦੀਲੀ ਤਾਂ ਹੋਈ ਹੈ-
ਪਰ ਜੋ ਚੀਜ਼ ਚਾਹੀ ਸੀ ਉਹ ਨਾ ਮਿਲੀ।
ਇੱਕ ਖ਼ਾਹਿਸ਼ ਸੀ ਜੋ ਅਧੂਰੀ ਹੀ ਹੈ-
ਪਹਿਲਾਂ ਵਾਂਗ!
ਇੱਕ ਸੁਪਨਾ ਸੀ ਜਿਹੜਾ ਅਜੇ ਵੀ
ਰੋਜ਼ ਨੀਂਦ ਵਿੱਚ ਆ ਕੇ ਸਤਾਉਂਦਾ ਹੈ!
ਇੱਕ ਆਸ ਸੀ
ਜਿਹੜੀ ਮੱਧਮ ਹੁੰਦੀ ਲਗਦੀ ਹੈ...
ਸੋਚਿਆ ਸੀ ਕਿ ਕੁੱਝ ਨਵਾਂ ਵਾਪਰੇਗਾ-
ਪਰ ਨਹੀਂ-ਸਭ ਕੁੱਝ ਪਹਿਲਾਂ ਵਾਂਗ ਹੈ-
ਸਿਰਫ਼ ਸ਼ਹਿਰ ਬਦਲ ਗਿਆ ਹੈ-
ਪਹਿਲਾਂ ਹੋਰ ਜਗ੍ਹਾ ਸੀ ਹੁਣ ਹੋਰ ਜਗ੍ਹਾ ਹੈ।
ਪਰ ਜਿਹੜੀ ਤੜਪ- ਜਿਹੜੀ ਪਿਆਸ
ਮਨ ਦੇ ਅੰਦਰ ਰਚੀ ਹੋਈ ਸੀ,
ਉਹ ਉਸੇ ਦੀ ਉਸੇ ਹੈ-ਅਣਬੁਝ।
ਉਸਨੂੰ ਕਿਵੇਂ ਬੁਝਾਈਏ?
ਕੁੱਝ ਸਮਝ ਨਹੀਂ ਪੈ ਰਹੀ...
ਦਰਅਸਲ ਮੈਂ ਸੋਚਣਾ ਤਾਂ ਚਾਹੁੰਦਾ ਹਾਂ-
ਪਰ ਫੇਰ ਸੋਚਾਂ ਦੇ ਦਾਇਰਿਆਂ ਤੋਂ
ਘਬਰਾ ਉੱਠਦਾ ਹਾਂ-
ਅਤੇ ਕੁੱਝ ਨਹੀਂ ਸੋਚਦਾ।
ਸਾਰੀਆਂ ਸੋਚਾਂ ਮਸਤਕ ਦੇ ਵਿੱਚੋਂ
ਬਾਹਰ ਕੱਢ ਦਿੰਦਾ ਹਾਂ।
ਕੀ ਮਿਲੇਗਾ ਸੋਚ ਕੇ ਵੀ-
ਤਣਾਅ! ਪੀੜ! ਦਰਦ!
ਆਪਣੀ ਮੰਜ਼ਿਲ ਦੇ ਨਿਸ਼ਾਨ
ਨਹੀਂ ਮਿਲ ਰਹੇ...
ਬੱਸ ਅਤੀਤ ਦੇ ਖੰਡਰ ਨੇ-
ਭਵਿੱਖ ਦੇ ਬਿੱਖਰੇ ਹੋਏ
ਕੰਕਰ-ਪੱਥਰ ਨੇ-
ਪਤਾ ਨਹੀਂ ਲੱਗ ਰਿਹਾ...
ਉਹਨਾਂ ਨੂੰ ਕਿੰਝ ਜੋੜ ਕੇ



Academy of the Punjab in North America: http://www.apnaorg.com

ਆਪਣੇ ਭਵਿੱਖ ਦੀ ਤਾਮੀਰ ਕਰਾਂ?
ਕਿੰਨੀਆਂ ਖ਼ਾਹਿਸ਼ਾਵਾਂ ਨੇ,
ਜੋ ਭਟਕ ਰਹੀਆਂ ਨੇ।
ਕਿੰਨੀਆਂ ਉਮੰਗਾਂ ਨੇ
ਦਿਲ ਦੇ ਅੰਦਰ ਧੜਕਣ ਨਾਲ਼
ਧੜਕ ਰਹੀਆਂ ਨੇ।
ਕਦੇ ਸਿਤਾਰਿਆਂ ਨੂੰ
ਆਪਣੀਆਂ ਬਾਹਵਾਂ 'ਚ
ਸਮਾਉਣਾ ਸੋਚਿਆ ਸੀ!
ਕਦੇ ਖੁੱਲ੍ਹੇ ਗਗਨ ਦੇ ਵਿੱਚ
ਪਰਵਾਜ਼ ਲਗਾਉਣਾ ਸੋਚਿਆ ਸੀ!
ਪਰ ਅਫ਼ਸੋਸ-
ਜ਼ਿੰਦਗੀ ਦੇ ਅਕਾਸ਼ ਵਿੱਚ
ਇੱਕ ਵੀ ਸਿਤਾਰਾ ਨਹੀਂ...
ਜਿਹਨਾਂ ਖੰਭਾਂ ਨਾਲ਼
ਉੜਨਾ ਸੋਚਿਆ ਸੀ-
ਉਹ ਪ੍ਰਫੁਲੱਤ ਹੀ ਨਹੀਂ ਹੋਏ।
ਸਭ ਕੱਝ ਕਿਸ ਤਰ੍ਹਾਂ ਵਾਪਰ ਜਾਂਦਾ ਹੈ?
ਸਮੇਂ ਦੇ ਪੰਛੀ ਕਿੰਝ ਉੜ ਜਾਂਦੇ ਨੇ-
ਮੁੜਕੇ ਵਾਪਸ ਵੀ ਨਹੀਂ ਆਉਂਦੇ!
ਕਾਸ਼ ਮੈਂ ਵੀ ਉਹਨਾਂ ਦੇ ਨਾਲ਼ ਉੜ ਸਕਦਾ...





Academy of the Punjab in North America: http://www.apnaorg.com

# ਟੁੱਟਦਾ ਹੋਇਆ ਸਿਤਾਰਾ

ਟੁੱਟਦਾ ਹੋਇਆ ਸਿਤਾਰਾ ਹਾਂ ਤਾਂ ਕੀ ਹੋਇਆ,
ਜ਼ਮੀਨ ਦੇ ਉੱਪਰ ਜਾ ਕੇ ਘਰ ਬਣਾਵਾਂਗਾ!
ਦਿਲ ਦਰਦ ਨਾਲ਼ ਸ਼ਾਦਾਬ ਹੈ ਤਾਂ ਕੀ ਹੋਇਆ,
ਦਰਦ 'ਚ ਡੁੱਬਿਆ ਕੋਈ ਗੀਤ ਸੁਣਾਵਾਂਗਾ!
ਰਾਤ ਕਾਲੀ ਹੈ, ਕੋਈ ਗ਼ਮ ਨਹੀਂ
ਦਿਲ 'ਚ ਦਰਦ ਹੈ, ਅੱਖਾਂ ਨਮ ਨਹੀਂ!
ਬੁਝਦੇ ਦੀਪਕ ਦੀ ਲੋਅ ਬਣਕੇ
ਹਨੇਰੇ ਨੂੰ ਚਮਕਾਵਾਂਗਾ!
ਆਰਜ਼ੂ ਪੂਰੀ ਨਹੀਂ, ਤਾਂ ਕੀ ਹੈ!
ਜੁਸਤਜੂ ਅਧੂਰੀ ਰਹੀ, ਤਾਂ ਕੀ ਹੈ!
ਬਚੀ ਹੋਈ ਆਸ ਦੀ ਰੌਸ਼ਨੀ
ਅੱਖਾਂ 'ਚ ਜਲਾਵਾਂਗਾ!
ਹਾਲਾਤ ਦਾ ਪੈਰਹਨ, ਜੇ ਪੁਰਾਣਾ ਹੀ ਹੈ!
ਮਹੱਬਤ ਦਾ ਮੌਸਮ, ਜੇ ਲਿਆਣਾ ਹੀ ਹੈ!
ਤਾਂ ਅਹਿਦੇ-ਵਫ਼ਾ ਦੇ ਵਾਸਤੇ
ਨਿਸਾਰ ਹੋ ਜਾਵਾਂਗਾ!





Academy of the Punjab in North America: http://www.apnaorg.com

## ਖ਼ਾਬ

ਮੈਂ ਖ਼ਾਬ ਬੁਣਦਾ ਹਾਂ।
ਯਾਦਾਂ ਦੀ ਜਲਤਰੰਗ ਵਿੱਚੋਂ-
ਪੁਰਾਣੇ ਜਿਹੇ ਗੀਤ ਸੁਣਦਾ ਹਾਂ।
ਤਲੀਆਂ 'ਚ ਜੋ ਮੈਂ
ਖ਼ਾਬਾਂ ਦੇ ਬੀਜ ਸਮੇਟੇ ਸੀ-
ਉਹ ਹੌਲੀ ਹੌਲੀ ਕਿਰਦੇ ਗਏ।
ਵਕਤ ਦੇ ਉੱਚੇ ਕਿਵਾੜ
ਹੌਲੀ ਹੌਲੀ ਬੇਅਵਾਜ਼ ਭਿੜਦੇ ਗਏ।
ਕਾਸ਼! ਮੈਂ ਆਪਣੇ ਬਿੱਖਰੇ ਖ਼ਾਬ
ਇਕੱਠੇ ਕਰ ਸਕਦਾ।
ਕੋਰੇ ਕੈਨਵਸ 'ਤੇ ਇੱਕ ਤਸਵੀਰ ਬਣਾ ਕੇ
ਆਪਣੇ ਮਨਪਸੰਦ ਰੰਗ ਭਰ ਸਕਦਾ।
ਪਰ ਵਕਤ ਦੀ ਗ਼ਰਦਿਸ਼ ਨੂੰ ਕੱਝ ਹੋਰ ਮੰਜ਼ੂਰ ਸੀ।
ਮੇਰੇ ਦਿਲ ਦੀ ਕੋਮਲ ਧੜਕਣ ਤਾਂ ਬੇਕਸੂਰ ਸੀ।
ਬੱਸ ਉਹ ਧੜਕਣ ਚੁੱਪਚਾਪ ਧੜਕਦੀ ਰਹੀ।
ਪਿਆਸ ਦੀ ਲੋਅ ਹੌਲੀ ਹੌਲੀ ਭੜਕਦੀ ਰਹੀ।
ਪਿਆਸ, ਜਿਹੜੀ ਅਧੂਰੇ ਖ਼ਾਬਾਂ ਨੇ ਜਗਾਈ ਸੀ।
ਪੀੜ, ਜਿਹੜੀ ਵਕਤ ਨੇ ਹੋਰ ਗਿਰਾਂ ਬਣਾਈ ਸੀ।
ਉਹ ਪਿਆਸ, ਉਹ ਪੀੜ, ਉਹ ਖ਼ਾਬ
ਅੱਜ ਵੀ ਸਹਿਕਦੇ ਨੇ।
ਮੇਰੇ ਅਹਿਸਾਸਾਂ ਦੇ ਅੰਦਰ
ਅੱਜ ਵੀ ਮਹਿਕਦੇ ਨੇ।
ਉਹ ਅਧੂਰੇ ਖ਼ਾਬ
ਮੈਂ ਅੱਜ ਵੀ ਬੁਣਦਾ ਹਾਂ।
ਰਾਤਾਂ ਦੀ ਖ਼ਾਮੋਸ਼ੀ 'ਚੋਂ
ਪੀੜ ਦੀ ਅਵਾਜ਼ ਸੁਣਦਾ ਹਾਂ।





Academy of the Punjab in North America: http://www.apnaorg.com

## ਗ਼ਜ਼ਲ - ਵਿਸਾਲੇ-ਯਾਰ

ਵਿਸਾਲੇ-ਯਾਰ ਕਦੋਂ ਹੋਏਗਾ?
ਉਸਦਾ ਦੀਦਾਰ ਕਦੋਂ ਹੋਏਗਾ?
ਅੱਖੀਆਂ 'ਚੋਂ ਤਾਂ ਗੁਜ਼ਰ ਗਿਆ,
ਤੀਰ ਦਿਲ ਦੇ ਪਾਰ ਕਦੋਂ ਹੋਏਗਾ?
ਜੋ ਸੂਰਤ ਉੱਪਰ ਮਿੱਟ ਗਿਆ,
ਜਾਂ ਤੇ ਨਿਸਾਰ ਕਦੋਂ ਹੋਏਗਾ?
ਮੇਰੇ ਜੁਨੂੰ ਦਾ ਸ਼ੋਰੋਗੁਲ ਹੈ ਜੋ,
ਉਹ ਅਸਰਾਰ ਕਦੋਂ ਹੋਏਗਾ?
ਰੂਹ ਦਾ ਸੁੰਨਾ ਸੁੰਨਾ ਜੰਗਲ,
ਮੁੜ ਫਿਰ ਦਿਆਰ ਕਦੋਂ ਹੋਏਗਾ?
ਅੱਖੀਆਂ 'ਚੋਂ ਜੋ ਰਾਤ ਭਰ ਨਾ ਵਿਹਾ-
ਹੰਝੂ ਪਾਰਾਵਾਰ ਕਦੋਂ ਹੋਏਗਾ?

?



Academy of the Punjab in North America: http://www.apnaorg.com

# ਗ਼ਜ਼ਲ - ਚਾਂਦਨੀ ਰਾਤ

ਚਾਂਦਨੀ ਰਾਤ ਬਾਕੀ ਹੈ ਵੀ ਤੇ ਨਹੀਂ ਵੀ!
ਅੱਖਾਂ 'ਚ ਨੀਂਦ ਬਾਕੀ ਹੈ ਵੀ ਤੇ ਨਹੀਂ ਵੀ!
ਇਹ ਜੋ ਜਾਮ ਤੂੰ ਮੈਨੂੰ ਦੇ ਰਿਹਾ ਏਂ ਇਸ ਵਿੱਚ-
ਤੇਰਾ ਪਿਆਰ ਸਾਕੀ ਹੈ ਵੀ ਤੇ ਨਹੀਂ ਵੀ!
ਜਦੋਂ ਤੋਂ ਮੈਂ ਤੈਨੂੰ ਬੁਲਾਉਣਾ ਸੋਚਿਆ ਹੈ-
ਮੇਰੇ ਅੰਦਰ ਬੇਬਾਕੀ ਹੈ ਵੀ ਤੇ ਨਹੀਂ ਵੀ!
ਇਹਨਾਂ ਦੁਨਿਆਵੀ ਰਿਵਾਜ਼ਾਂ ਤੋਂ ਬੇਜ਼ਾਰ-
ਮੇਰਾ ਦਿਲ ਆਕੀ ਹੈ ਵੀ ਤੇ ਨਹੀਂ ਵੀ!






Academy of the Punjab in North America: http://www.apnaorg.com

## ਭਟਕਣ

ਹਰ ਰੋਜ਼ ਮੈਂ ਸੋਚਾਂ ਦਾ ਜੰਗਲ
ਪਾਰ ਹਾਂ ਕਰਦਾ!
ਕਈ ਸਦੀਆਂ ਤੋਂ ਮੈਂ
ਹਰ ਰੋਜ਼ ਇੰਝ ਹੀ ਹਾਂ ਮਰਦਾ!
ਜ਼ਿੰਦਗੀ ਦੇ ਚਿਹਰੇ ਤੇ
ਕੰਡਿਆਂ ਦੀਆਂ ਖਰੋਚਾਂ ਨੇ,
ਚਾਹੇ ਹਰ ਰੋਜ਼ ਉਹਨਾਂ 'ਚ
ਸਬਰ ਦੀ ਦਵਾ ਹਾਂ ਭਰਦਾ!
ਉਸ ਨੂਰ ਦੇ ਵਾਸਤੇ
ਇਹ ਬੇਕਰਾਰੀ ਕਿਉਂ ਹੈ,
ਚਾਹੇ ਮੈਂ ਹਰ ਰੋਜ਼
ਉਸ ਨੂਰ ਨੂੰ ਸਿਜਦਾ ਹਾਂ ਕਰਦਾ!
ਪਤਾ ਨਹੀਂ ਇਸ ਭਟਕਣ ਦਾ
ਅੰਤ ਕਦੋਂ ਹੋਏਗਾ,
ਜਿਸਦੇ ਵਾਸਤੇ ਹਰ ਰੋਜ਼
ਮੈਂ ਦਰਦ ਹਾਂ ਜਰਦਾ!





Academy of the Punjab in North America: http://www.apnaorg.com

# ਗੀਤ – ਐ ਬਹਾਰ ਦੇ ਬੱਦਲਾ!

ਐ ਬਹਾਰ ਦੇ ਬੱਦਲਾ!
ਕਦੇ ਸਾਡੇ ਵੀ ਵਿਹੜੇ ਆਣਾ!
ਅਹਿਸਾਸਾਂ ਦੀ ਤਪਦੀ ਧਰਤ 'ਤੇ,
ਠੰਡੀ ਫੁਹਾਰ ਬਣ ਕੇ ਛਾਣਾ!
ਵਕਤ ਨੇ ਕਰਵਟ ਲਈ,
ਮੌਸਮ ਬੀਤ ਗਏ!
ਸਾਨੂੰ ਇਕੱਲਿਆਂ ਛੱਡ ਕੇ,
ਮਨ ਦੇ ਮੀਤ ਗਏ!
ਸਾਡੀ ਸੁੰਨੀ ਜ਼ਿੰਦਗੀ ਲਈ
ਸਾਡੇ ਮੀਤ ਮੋੜ ਲਿਆਣਾ!
ਨਿਰਾਸ਼ ਹੈ ਜ਼ਿੰਦਗੀ,
ਨਿਰਾਸ਼ਾ ਦੇ ਗੀਤ ਗਾ ਰਹੀ!
ਟੁੱਟੀ ਹੋਈ ਆਸ਼ਾ–
ਹਰ ਪਲ੍ਹ ਹੈ ਤੜਪਾ ਰਹੀ!
ਸਾਡੀ ਟੁੱਟੀ ਆਸ਼ਾ ਵਾਸਤੇ,
ਕੋਈ ਨਵਾਂ ਸੁਪਨਾ ਸਜਾਣਾ!






Academy of the Punjab in North America: http://www.apnaorg.com

## ਗ਼ਜ਼ਲ – ਬੇਕਰਾਰ

ਬੇਚੈਨ ਤੂੰ ਵੀਂ ਏਂ, ਬੇਕਰਾਰ ਮੈਂ ਵੀ ਹਾਂ!
ਤੇਰੀ ਹਰ ਅਦਾ ਦਾ ਪਰਸਤਾਰ ਮੈਂ ਵੀ ਹਾਂ!
ਤੇਰੇ ਨੈਣਾਂ 'ਚ ਜੋ ਸਹਬਾ ਹੈ ਵਹਿ ਰਹੀ,
ਉਸ ਸਹਬਾ ਦਾ ਤਲਬਗਾਰ ਮੈਂ ਵੀ ਹਾਂ!
ਜੇ ਇਹ ਦੁਨੀਆਂ ਤੇਰੀ ਪਰਵਾਜ਼ ਲਈ ਛੋਟੀ ਹੈ,
ਇਸ ਦੇ ਰਿਵਾਜ਼ਾਂ ਤੋਂ ਬੇਜ਼ਾਰ ਮੈਂ ਵੀ ਹਾਂ!
ਜੇ ਤੇਰੇ ਸਾਹਾਂ 'ਚ ਅਬੋਲ ਬੋਲ ਨੇ ਦਹਿਕਦੇ,
ਇੱਕ ਭਟਕਦਾ ਹੋਇਆ ਅਸਰਾਰ ਮੈਂ ਵੀ ਹਾਂ!
ਤੂੰ ਪ੍ਰੀਤ ਦੀ ਨਦੀ ਵਾਂਗ ਜੇ ਵਹਿ ਰਹੀ ਏਂ,
ਮੁਹੱਬਤ ਦਾ ਵਿਸ਼ਾਲ ਪਾਰਾਵਾਰ ਮੈਂ ਵੀ ਹਾਂ!





Academy of the Punjab in North America: http://www.apnaorg.com

## ਗ਼ਜ਼ਲ – ਹਰ ਕਿਸੇ ਨੂੰ

ਹਰ ਕਿਸੇ ਨੂੰ ਇੱਥੇ ਕਿਨਾਰਾ ਨਹੀਂ ਮਿਲਦਾ!
ਸਿਰਫ਼ ਇੱਕ ਮਿੱਤਰ ਪਿਆਰਾ ਨਹੀਂ ਮਿਲਦਾ!
ਵਕਤ ਦਾ ਸੈਲਾਬ ਤਾਂ ਸਦਾ ਮਿਲ ਜਾਂਦਾ ਹੈ,
ਮੁਹਬੱਤ ਦਾ ਸਮੁੰਦਰ ਸਾਰਾ ਨਹੀਂ ਮਿਲਦਾ!
ਲਹਿਰਾਂ ਦੇ ਸਹਾਰੇ ਹੀ ਬੇੜੀ ਨੂੰ ਚਲਾਉਂਦੇ ਹਾਂ,
ਦਸਤਗੀਰ ਹਵਾਵਾਂ ਦਾ ਸਹਾਰਾ ਨਹੀਂ ਮਿਲਦਾ!
ਇੱਕ ਵਾਰ ਹੀ ਇਸ ਵਿੱਚ ਜੀਅ ਭਰਕੇ ਜੀ ਲਵੋ,
ਮੁੜਕੇ ਇਹ ਜਹਾਨ ਦੁਬਾਰਾ ਨਹੀਂ ਮਿਲਦਾ!





Academy of the Punjab in North America: http://www.apnaorg.com

## ਤੂੰ

ਤੂੰ ਲਹਿਰ ਵਾਂਗ ਏਂ!
ਮੇਰੀ ਤਾਰੀਕ ਰਾਤ ਵਿੱਚ
ਸਹਰ ਵਾਂਗ ਏਂ!
ਇੱਕ ਖ਼ਾਮੋਸ਼ ਜਿਹੀ
ਪਾਕ ਮਿਹਰ ਵਾਂਗ ਏਂ!

ਤੂੰ ਬੋਲਦੀ ਏਂ ਤਾਂ
ਫੁੱਲ ਮਹਿਕਦੇ ਨੇ!
ਤੇਰੇ ਦੀਦਾਰ ਲਈ
ਮੌਸਮ ਸਹਿਕਦੇ ਨੇ!

ਤੇਰੀ ਹਰ ਅਦਾ
ਇੱਕ ਗੀਤ ਹੈ!
ਤੇਰੀ ਚਾਲ ਵਿੱਚ
ਸੰਗੀਤ ਹੈ!

ਤੇਰੇ ਨੈਣਾਂ 'ਚ
ਸਿਤਾਰੇ ਨੇ ਚਮਕ ਰਹੇ!
ਤੇਰੇ ਰੁਖ਼ਸਾਰ
ਮੁਸਕਾਨ 'ਚ ਨੇ ਮਹਿਕ ਰਹੇ!

ਤੂੰ ਸ਼ਬਨਮ ਦੇ
ਵਾਂਗ ਨਿਰਮਲ ਏਂ!
ਤੂੰ ਕਵਿਤਾ ਦੇ
ਵਾਂਗ ਸੋਹਲ ਏਂ!

ਤੂੰ ਮਹਿਕ ਬਣਕੇ
ਫੈਲਦੀ ਏਂ!
ਤੂੰ ਹਵਾ ਬਣਕੇ
ਟਹਿਲਦੀ ਏਂ!

ਤੂੰ ਸਮੁੰਦਰ ਦੇ
ਵਾਂਗ ਵਿਸ਼ਾਲ ਏਂ!



Academy of the Punjab in North America: http://www.apnaorg.com

ਤੂੰ ਸੂਰਜ ਦੇ
ਵਾਂਗ ਲਾਲ ਏਂ!

ਤੂੰ ਕਦੋਂ ਮੇਰੇ
ਦਿਲ ਅੰਦਰ ਆ ਗਈ!
ਮੇਰੀ ਰੂਹ ਦੇ
ਹਰ ਕਤਰੇ 'ਚ ਸਮਾ ਗਈ!

ਹਰ ਪਲ ਮੈਂ
ਤੇਰੇ ਵਾਰੇ ਹੀ ਹਾਂ ਸੋਚਦਾ!
ਹਰ ਛਿਣ ਮੈਂ...
ਤੈਨੂੰ ਹੀ ਹਾਂ ਲੋਚਦਾ!

ਕਦੋਂ ਤੂੰ ਮੇਰੀ
ਜ਼ਿੰਦਗੀ 'ਚ ਆਏਂਗੀ!
ਮੇਰੀ ਬੇਜਾਨ ਰੂਹ 'ਚ
ਜਾਨ ਲਿਆਏਂਗੀ!





Academy of the Punjab in North America: http://www.apnaorg.com

# ਗ਼ਜ਼ਲ - ਕੀ ਮੁਦਾਵਾ ਕਰੀਏ?

ਜ਼ਿੰਦਗੀ ਦਾ ਕੀ ਮੁਦਾਵਾ ਕਰੀਏ?
ਇਸ ਦਰਦ ਦੇ ਸਾਗਰ ਨੂੰ ਕਿੰਝ ਤਰੀਏ?
ਹਰ ਰੋਜ਼ ਅੰਦਰ ਇੱਕ ਅੱਗ ਹੈ ਮਚਦੀ,
ਇਸ ਅੱਗ ਦੀ ਤਾਬ ਨੂੰ ਕਿੰਝ ਜਰੀਏ?
ਰੂਹ ਦੇ ਅੰਦਰ ਜੋ ਖਲਾਅ ਹੈ ਪਸਰ ਰਿਹਾ,
ਰੂਹ ਦੇ ਉਸ ਖਲਾਅ ਨੂੰ ਕਿੰਝ ਭਰੀਏ?
ਸਭ ਕੁਝ ਗੁੰਮ ਹੋ ਜਾਣ ਦਾ ਜੋ ਖੌਫ਼ ਹੈ,
ਉਸ ਖੌਫ਼ ਦੇ ਖ਼ਿਆਲਾਂ ਤੋਂ ਕਿੰਝ ਬਚੀਏ?
ਚੰਨ ਨੂੰ ਹਥੇਲੀਆਂ 'ਚ ਸਮਾਉਣ ਦਾ ਸੁਪਨਾ ਸੀ,
ਉੜਦੇ ਜਾਂਦੇ ਚੰਨ ਨੂੰ ਕਿੰਝ ਫੜੀਏ?





Academy of the Punjab in North America: http://www.apnaorg.com

# ਜ਼ਿੰਦਗੀ ਦੀ ਦਾਸਤਾਨ

ਜ਼ਿੰਦਗੀ ਦੀ ਦਾਸਤਾਨ ਬਹੁਤ ਅਜੀਬ ਹੈ!
ਖ਼ੁਸ਼ੀ ਕਦੇ ਬਹੁਤ ਦੂਰ, ਕਦੇ ਬਹੁਤ ਕਰੀਬ ਹੈ!
ਇੱਥੇ ਖ਼ਾਬ ਕਦੇ ਟੁੱਟ ਕੇ ਬਿੱਖਰਦੇ ਨੇ!
ਕਦੇ ਖੂਬਸੂਰਤ ਰੰਗ ਬਣਕੇ ਨਿੱਖਰਦੇ ਨੇ!
ਕੁੱਝ ਪਲ ਜ਼ਿੰਦਗੀ ਦੇ ਬਿਲਕੁਲ ਖਲੋ ਨੇ ਜਾਂਦੇ!
ਅਤੇ ਕੁੱਝ ਪਲ ਇੱਕ ਦਮ ਹਵਾ ਹੋ ਨੇ ਜਾਂਦੇ!
ਇੱਕ ਪਲ ਦੇ ਵਿੱਚ ਸੁਪਨੇ ਇੱਥੇ ਬਣਦੇ ਨੇ!
ਦੂਸਰੇ ਹੀ ਪਲ ਸੁਪਨੇ ਇੱਥੇ ਟੁੱਟਦੇ ਨੇ!
ਕਦੇ ਕਦੇ ਆਸ ਵੀ ਮੂੰਹ ਫੇਰ ਜਾਂਦੀ ਹੈ!
ਦਿਲ ਦੀ ਨੁੱਕਰੇ ਦਰਦ ਦਾ ਗੀਤ ਛੇੜ ਜਾਂਦੀ ਹੈ!
ਏਸ ਜੀਵਨ ਵਿੱਚ ਹੋ ਜਾਂਦਾ ਹੈ ਗ਼ਮ ਦਾ ਰਾਜ!
ਸ਼ਿਕਸਤਾ ਹੋ ਜਾਂਦਾ ਹੈ ਫਿਰ ਰੂਹ ਦਾ ਸਾਜ!
ਸਾਰੀ ਉਮਰ ਸ਼ਿਕਸਤਾ ਸਾਜ ਨੂੰ ਵਜਾਉਂਦੇ ਹਾਂ!
ਇਸ ਬਰਬਾਦ ਜੀਵਨ ਦੀ ਦਾਸਤਾਂ ਗਾਉਂਦੇ ਹਾਂ!



Academy of the Punjab in North America: http://www.apnaorg.com

## ਗ਼ਜ਼ਲ – ਮੰਜ਼ਿਲ

ਮੰਜ਼ਿਲ ਮੇਰੇ ਕੋਲ਼ ਹੈ ਪਰ ਮੈਂ ਉਸਨੂੰ ਪਾਂਦਾ ਨਹੀਂ!
ਬੋਲ ਮੇਰੇ ਕੋਲ਼ ਨੇ ਪਰ ਮੈਂ ਗੀਤ ਕੋਈ ਗਾਂਦਾ ਨਹੀਂ!
ਵਕਤ ਦੀ ਬੇਅਵਾਜ਼ ਪਰਵਾਜ਼ ਦੀ ਗੱਲ ਕਿਸ ਤਰ੍ਹਾਂ ਕਰਾਂ,
ਵਕਤ ਮੈਨੂੰ ਬੁਲਾਂਦਾ ਹੈ ਪਰ ਮੈਂ ਉਸ ਨਾਲ਼ ਜਾਂਦਾ ਨਹੀਂ!
ਮੇਰੇ ਅੰਜੁਮਨ ਦੇ ਵਿੱਚ ਆ ਕੇ ਕੀ ਤੁਸੀਂ ਪਾਉਗੇ-
ਕੋਈ ਇੱਕ ਫੁੱਲ ਮੈਂ ਇਸਦੇ ਅੰਦਰ ਖਿੜਾਂਦਾ ਨਹੀਂ!
ਮੇਰੇ ਸ਼ਿਕਸਤਾ ਖ਼ਾਬਾਂ ਦਾ ਇਹ ਅਸਰ ਹੋਇਆ ਹੈ ,
ਮੈਂ ਆਪਣੀ ਜ਼ਿੰਦਗੀ 'ਚ ਹੁਣ ਖ਼ਾਬ ਕੋਈ ਬਣਾਂਦਾ ਨਹੀਂ!
ਤੇਰੇ ਤੋਂ ਦੂਰ ਰਹਿ ਕੇ ਤੈਨੂੰ ਬਲਾਉਣਾ ਸੋਚਦਾ ਹਾਂ-
ਤੂੰ ਸਾਹਵੇਂ ਆਉਂਦੀ ਏਂ ਤਾਂ ਮੈਂ ਬੁਲਾਂਦਾ ਨਹੀਂ!






Academy of the Punjab in North America: http://www.apnaorg.com

# ਇੱਕ ਸੁਪਨਾ

ਜਦੋਂ ਦਰਦ ਹੱਦ ਤੋਂ ਗੁਜ਼ਰਨ ਲਗਦਾ ਹੈ,
ਆਪਣੇ ਆਪ ਨੂੰ ਸਮਝਾਉਂਦੇ ਹਾਂ!
ਪਤਝੜ ਦੇ ਪੀਲ਼ੇ ਪੱਤਿਆਂ ਨੂੰ ਹੀ,
ਬਸੰਤੀ ਫੁੱਲ ਸਮਝ ਸਹਿਲਾਉਂਦੇ ਹਾਂ!
ਦਿਲ ਦੇ ਅੰਦਰ ਜਦ ਗ਼ੁਬਾਰ ਉੱਠਦਾ ਹੈ,
ਰੂਹ ਦਾ ਹਰ ਕਤਰਾ ਹਾਰ ਉੱਠਦਾ ਹੈ,
ਉਦੋਂ ਜ਼ਿੰਦਗੀ ਦੀ ਤਾਰੀਕ ਰਾਤ ਵਿੱਚ,
ਰੌਸ਼ਨੀ ਦੀ ਆਸ 'ਚ ਫਿੱਕਾ ਜਿਹਾ ਮੁਸਕ੍ਰਾਉਂਦੇ ਹਾਂ!
ਜ਼ਿੰਦਗੀ ਦੇ ਲਮਹੇ ਜਦ ਬੋਝਿਲ ਨੇ ਲਗਦੇ,
ਰੂਹ 'ਚ ਦਰਦ ਦੇ ਦਰਿਆ ਨੇ ਵਗਦੇ,
ਉਦੋਂ ਟੁੱਟ ਚੁੱਕੇ ਦਿਲ ਵਿੱਚ ਕਿਤੇ,
ਇੱਕ ਸੁਪਨੇ ਦੀ ਕਰੂੰਬਲ ਜਗਾਉਂਦੇ ਹਾਂ!





Academy of the Punjab in North America: http://www.apnaorg.com

# ਤੇਰੇ ਵਾਸਤੇ

ਅਸੀਂ ਤੇਰੇ ਵਾਸਤੇ ਤੜਪਦੇ ਰਹੇ!
ਰੂਹ ਦੇ ਕਫ਼ਸ 'ਚ ਸਹਿਕਦੇ ਰਹੇ!
ਹੁਣ ਅਜ਼ਾਦ ਹੋਣ ਨੂੰ ਵੀ ਜੀਅ ਨਹੀਂ ਕਰਦਾ!
ਬਰਬਾਦ ਹੋਣ ਨੂੰ ਵੀ ਜੀਅ ਨਹੀਂ ਕਰਦਾ!
ਰੂਹ ਦੇ ਪੇਚਾਂ ਨੂੰ ਜੰਗ ਹੈ ਲੱਗ ਰਿਹਾ!
ਅੱਖਾਂ ਦਾ ਦੀਪ ਤੇਰੀ ਆਸ 'ਚ ਜਗ ਰਿਹਾ!
ਪਰ ਤੇਰੀ ਆਮਦ ਦਾ ਕੋਈ ਸੰਕੇਤ ਨਹੀਂ!
ਸਾਨੂੰ ਇਸ ਜੀਵਨ ਨਾਲ਼ ਕੋਈ ਹੇਤ ਨਹੀਂ!
ਆ ਮੇਰੀ ਬਰਬਾਦ ਜ਼ਿੰਦਗੀ, ਅਬਾਦ ਕਰਦੇ!



Academy of the Punjab in North America: http://www.apnaorg.com

# ਗ਼ਜ਼ਲ - ਅਜਬ ਹਾਲ

ਆਪਣੀ ਜ਼ਿੰਦਗੀ ਦਾ ਵੀ ਅਜਬ ਹਾਲ ਹੈ!
ਹਰ ਪਲ ਬੁੱਲ੍ਹਾਂ ਤੇ ਇੱਕ ਖ਼ਾਮੋਸ਼ ਸਵਾਲ ਹੈ!
ਜਿਸ ਦਿਨ ਤੋਂ ਉਹ ਸ਼ਹਿਰ ਹੈ ਛੱਡਿਆ-
ਸੋਚਾਂ ਦੇ ਵਿੱਚ ਬੱਸ ਉਸਦਾ ਖ਼ਿਆਲ ਹੈ!
ਰੂਹ ਦੇ ਦਰਦ ਦਾ ਵੀ ਕੀ ਇਲਾਜ ਕਰੀਏ-
ਇਸ ਦਰਦ ਦਾ ਵੀ ਆਪਣਾ ਜਮਾਲ ਹੈ!
ਪਲ ਜਿਹੜੇ ਬੀਤ ਗਏ ਇੱਕ ਯਾਦ ਨੇ-
ਨਾ ਬੀਤਿਆਂ ਪਲਾਂ ਦਾ ਵੀ ਕਿੱਸਾ ਕਮਾਲ ਹੈ!



Academy of the Punjab in North America: http://www.apnaorg.com

# ਗ਼ਜ਼ਲ - ਜੀਅ ਨੂੰ ਕਿਵੇਂ ਬਹਿਲਾਈਏ?

ਜੀਅ ਨੂੰ ਕਿਵੇਂ ਬਹਿਲਾਈਏ?
ਦਰਦ ਤੇ ਕਿਵੇਂ ਰੋਕ ਲਾਈਏ?
ਯਾਦਾਂ ਦਾ ਬਹਿਣ ਹੈ ਬਹਿ ਰਿਹਾ-
ਉਸਨੂੰ ਕਿਵੇਂ ਠੱਲ੍ਹ ਪਾਈਏ?
ਸਮੇਂ ਦੇ ਉੜ ਚੁੱਕੇ ਪੰਛੀ-
ਵਾਪਿਸ ਕਿਵੇਂ ਲੈ ਕੇ ਆਈਏ?
ਰੂਹ ਨੂੰ ਜੋ ਰੋਗ ਲੱਗ ਗਿਆ-
ਉਸਦਾ ਇਲਾਜ ਕਿੱਥੋਂ ਕਰਾਈਏ?





Academy of the Punjab in North America: http://www.apnaorg.com

# ਗ਼ਜ਼ਲ - ਅੱਜ ਦੀ ਰਾਤ


ਅੱਖਾਂ 'ਚ ਚਾਹੇ ਨਕਲੀ ਹੰਝੂ ਹੀ ਭਰ ਲਓ,
ਅੱਜ ਦੀ ਰਾਤ ਜੀਅ ਭਰ ਕੇ ਰੋਣ ਦੀ ਰਾਤ ਹੈ।
ਉਸਦੀ ਯਾਦ ਨੇ ਦਸਤਕ ਹੈ ਦੇਣੀ ਆ ਕੇ,
ਅੱਜ ਦੀ ਰਾਤ ਯਾਦ ਦਾ ਦੀਪ ਜਲਾਉਣ ਦੀ ਰਾਤ ਹੈ।
ਬੀਤ ਗਏ ਪਲਾਂ ਨੇ ਜਿਹੜੇ ਦਰਦ ਹਨ ਦਿੱਤੇ,
ਅੱਜ ਦੀ ਰਾਤ ਉਹ ਦਰਦ ਜਗਾਉਣ ਦੀ ਰਾਤ ਹੈ।
ਕੀ ਹੋਇਆ ਜੇ ਅੱਜ ਉਹ ਮੇਰੇ ਕੋਲ ਨਹੀਂ,
ਅੱਜ ਦੀ ਰਾਤ ਉਸਦੀ ਸੋਚ ਲਿਆਉਣ ਦੀ ਰਾਤ ਹੈ।
ਦਰਦ ਦੀ ਸ਼ਮਾ ਤਾਂ ਹੌਲੀ ਹੌਲੀ ਭੜਕੇਗੀ,
ਅੱਜ ਤਾਂ ਦਰਦ ਦੇ ਸ਼ੋਲੇ ਜਲਾਉਣ ਦੀ ਰਾਤ ਹੈ।
ਕੀ ਹੋਇਆ ਜੇ ਅੱਜ ਦਿਲ ਨਿਰਾਸ਼ ਹੈ,
ਅੱਜ ਦੀ ਰਾਤ ਆਸ ਦੀ ਲੋਅ ਜਗਉਣ ਦੀ ਰਾਤ ਹੈ।



Academy of the Punjab in North America: http://www.apnaorg.com

# ਤੇਰਾ ਖ਼ਤ

ਤੇਰਾ ਖ਼ਤ ਅਇਆ ਤਾਂ
ਦਿਲ ਨੂੰ ਕੁੱਝ ਸੁਕੂਨ ਮਿਲਿਆ।
ਜ਼ਿੰਦਗੀ ਦੀ ਵੀਰਾਨੀਅਤ 'ਚ
ਖ਼ੁਸ਼ੀ ਦਾ ਇੱਕ ਫੁੱਲ ਖਿਲਿਆ।
ਸਮਾਂ ਤਾਂ ਸਾਥੋਂ ਸਾਰੇ ਪਲ
ਖੋਹ ਕੇ ਲੈ ਗਿਆ।
ਤੇਰੇ ਹੋਣ ਦਾ ਭੁਲੇਖਾ ਜਿਹਾ
ਅਜੇ ਵੀ ਤੜਪਾ ਰਿਹਾ।
ਪਰ ਹਕੀਕਤ ਦੇ ਧਰਾਤਲ
ਬੜੇ ਕਠੋਰ ਨੇ।
ਵਰਤਮਾਨ ਦੇ ਬਿਖਮ ਪਲ ਤਾਂ
ਕੋਈ ਹੋਰ ਨੇ।
ਬਸ ਹੁਣ ਤਾਂ ਸਿਰਫ਼
ਯਾਦਾਂ ਹੀ ਕੋਲ ਨੇ।
ਜਾਂ ਫੇਰ ਤੇਰੇ ਖ਼ਤ ਦੇ
ਖ਼ਾਮੋਸ਼ ਬੋਲ ਨੇ।






Academy of the Punjab in North America: http://www.apnaorg.com

## ਸੁਪਨਾ

ਕਾਸ਼! ਇਸ ਰਾਤ ਤੋਂ ਬਾਅਦ
ਅਸੀਂ ਮੁੜ ਜਾਗ ਹੀ ਨਾ ਸਕੀਏ!
ਅੱਜ ਦੀ ਰਾਤ 'ਉਸਦਾ' ਸੁਪਨਾ ਆਏ-
ਅਤੇ ਤਮਾਮ ਰਾਤ ਚੱਲਦਾ ਰਹੇ...
ਜੇ ਕੱਲ੍ਹ ਸਵੇਰ ਆਈ ਤਾਂ
ਮੁੜ ਓਹੀ ਬੇਚੈਨੀ ਸ਼ੁਰੂ ਹੋ ਜਾਏਗੀ।
ਇੱਕ ਤੜਪ ਜਿਹੀ ਫੇਰ ਤੋਂ
ਰੁਕ ਰੁਕ ਕੇ ਤੜਪਾਏਗੀ।
ਕਾਸ਼! ਇਸ ਰਾਤ ਤੋਂ ਬਾਅਦ
ਅਸੀਂ ਮੁੜ ਜਾਗ ਹੀ ਨਾ ਸਕੀਏ!
ਤਾਂ ਜੋ ਪਾਗਲ ਸੋਚਾਂ ਭਰੇ ਦਿਨ ਤੋਂ
ਰਾਹਤ ਮਿਲ ਜਾਏ।
ਸ਼ਾਇਦ ਸੁਪਨੇ ਵਿੱਚ ਹੀ ਸਾਨੂੰ
'ਉਸਦੀ' ਚਾਹਤ ਮਿਲ ਜਾਏ!





Academy of the Punjab in North America: http://www.apnaorg.com

# ਅਜਨਬੀ ਮੋੜ

ਇਹ ਕਿਹੜਾ ਮੋੜ ਹੈ-
ਜਿੱਥੇ ਆ ਕੇ ਮੈਂ ਰੁੱਕ ਗਿਆ ਹਾਂ?
ਪੈਰ ਅੱਗੇ ਨਹੀਂ ਵੱਧੂ ਰਹੇ-
ਭਾਰੇ ਜਿਹੇ ਹੋ ਗਏ ਨੇ ਕਦਮ ਜਿਵੇਂ!
ਜਿਵੇਂ ਜ਼ਿੰਦਗੀ ਦੇ ਵਹਿੰਦੇ ਪਾਣੀ
ਇੱਕਦਮ ਖਲੋ ਗਏ ਹੋਣ!
ਅਤੇ ਜ਼ਿੰਦਗੀ ਦਾ ਦਰਿਆ
ਸੁੱਕਦਾ ਜਾ ਰਿਹਾ ਹੋਵੇ....
ਇਹ ਕਿਹੋ ਜਿਹੇ ਦਿਨ ਨੇ-
ਯਾਦਾਂ ਦੀ ਧੁੱਪ ਜਿਵੇਂ
ਪਿੰਡੇ ਨੂੰ ਲੂਹ ਰਹੀ ਹੋਵੇ-
ਚਿਣਗਾਂ ਜਿਹੀਆਂ ਦੇਹੀ 'ਚੋਂ
ਫੁੱਟਦੀਆਂ ਨੇ.....
ਕਿੱਥੋਂ ਲੱਭ ਕੇ ਲਿਆਈਏ
ਠੰਡੀ ਫੁਹਾਰ ਦਾ ਮੌਸਮ!
**

ਕਦੇ ਕਦੇ ਜ਼ਿੰਦਗੀ
ਖਲੋ ਕਿਓਂ ਜਾਂਦੀ ਹੈ?
ਤੁਸੀਂ ਤੁਰਨਾ ਚਾਹੁੰਦੇ ਹੋ-
ਪਰ ਤੁਰ ਨਹੀਂ ਪਾਉਂਦੇ!
ਕਿਹੋ ਜਿਹੀਆਂ ਬੇੜੀਆਂ
ਪੈਰਾਂ 'ਚ ਪੈ ਜਾਂਦੀਆਂ ਨੇ...
ਦੂਰ ਲੰਬੇ ਰਾਹਾਂ 'ਤੇ
ਨਜ਼ਰ ਪੈਂਦੀ ਹੈ
ਤਾਂ ਲੱਗਦਾ ਹੈ ਅਜੇ ਤਾਂ
ਰੌਸ਼ਨੀਆਂ ਬਹੁਤ ਦੂਰ ਨੇ!
ਇਹ ਕਿਹੋ ਜਿਹੀ ਤਾਰੀਕ ਰਾਤ ਹੈ?
ਇੱਕ ਵੀ ਸਿਤਾਰਾ ਨਹੀਂ ਅਸਮਾਨ 'ਚ...
ਸਾਡਾ ਚੰਦ੍ਰਮਾ ਵੀ
ਕਿੱਧਰੇ ਗੁੰਮ ਹੋ ਗਿਆ ਹੈ!
ਕਿੱਥੋਂ ਲੱਭ ਕੇ ਲਿਆਈਏ
ਗੁੰਮ ਹੋ ਚੁੱਕੇ ਚੰਦ੍ਰਮਾ ਨੂੰ?



Academy of the Punjab in North America: http://www.apnaorg.com

ਜਦੋਂ ਅਸੀਂ ਆਪਣੀ ਪਹਿਚਾਣ
ਹੀ ਨਹੀਂ ਲੱਭ ਸਕੇ...!

***

ਇਹ ਸਫ਼ਰ ਕਿੰਨਾ ਲੰਬਾ ਹੈ!
ਰਾਹ ਵੀ ਕੰਡਿਆਲ਼ੇ ਨੇ-
ਅਤੇ ਅਸਾਡੇ ਪੈਰ ਨਗਨ ਨੇ...
ਕੋਈ ਕੰਡਾ ਚੁਭਦਾ ਹੈ ਤਾਂ
ਅਸੀਂ ਕਿੰਨੀ ਕਿੰਨੀ ਦੇਰ
ਰੁਕੇ ਹੀ ਰਹਿੰਦੇ ਹਾਂ!
ਫੇਰ ਡਿਗਦਿਆਂ ਢਹਿੰਦਿਆਂ
ਟੁਰਦੇ ਹਾਂ-
ਕੰਡਿਆਲੇ ਰਾਹਾਂ ਤੇ!
'ਉਸਨੂੰ' ਢੂੰਡਦੇ ਹੋਏ-
ਪਰ ਤਲਾਸ਼ ਨੂੰ ਅਜੇ ਤੱਕ
ਤਕਮੀਲ ਨਹੀਂ ਮਿਲ਼ੀ...
ਕਦੋਂ ਪੂਰਨ ਹੋਏਗੀ—
ਮੇਰੀ ਤਲਾਸ਼!





Academy of the Punjab in North America: http://www.apnaorg.com

## ਗ਼ਜ਼ਲ – ਜ਼ਿੰਦਗੀ ਦੇ ਸਫ਼ਰ ਤੇ

ਜ਼ਿੰਦਗੀ ਦੇ ਸਫ਼ਰ ਤੇ ਨਿੱਕਲੇ ਹਾਂ ਸ਼ੁਦਾਈ ਬਣਕੇ!
ਨਾਂ ਮੁੱਕਣ ਵਾਲੀ ਭਟਕਣ ਦੇ ਕਰਜਾਈ ਬਣਕੇ!

.....

ਕਿਸੇ ਮੋੜ ਤੇ ਤਾਂ ਉਸਦਾ ਚਿਹਰਾ ਆਏਗਾ ਨਜ਼ਰ,
ਕਿਸੇ ਮੋੜ ਤੇ ਤਾਂ ਉਹ ਮਿਲੇਗਾ ਖੁਦਾਈ ਬਣਕੇ!
ਦਿਲ ਨੂੰ ਉਹ ਦਰਦ ਹੀ ਬਹੁਤਾ ਸਤਾਉਂਦਾ ਹੈ,
ਦਰਦ ਮਿਲਦਾ ਹੈ ਜਿਹੜਾ ਜੁਦਾਈ ਬਣਕੇ!
ਇੱਕ ਵਾਰ ਹੀ ਪਿਆਰ ਨਾਲ਼ ਵੇਖਿਆ ਹੁੰਦਾ,
ਇੱਕ ਵਾਰ ਹੀ ਤਾਂ ਮਿਲਦਾ ਦਵਾਈ ਬਣਕੇ!
ਮਾਜ਼ੀ ਦੀਆਂ ਗ਼ਮਗੀਨ ਯਾਦਾਂ ਭੁਲਾ ਕੇ,
ਇਸ ਮੋੜ ਤੇ ਪਹੁੰਚੇ ਹਾਂ ਹਰਜਾਈ ਬਣਕੇ!
ਹੁਣ ਚਾਹੇ ਅਪਣਾ ਲੈ ਤੇ ਚਾਹੇ ਠੁਕਰਾ ਦੇ,
ਤੇਰੇ ਕੋਲ ਆ ਗਏ ਹਾਂ ਤੇਰੇ ਸ਼ੁਦਾਈ ਬਣਕੇ!





Academy of the Punjab in North America: http://www.apnaorg.com

# ਗ਼ਜ਼ਲ - ਤੇਰੇ ਮੇਰੇ ਵਿਚਕਾਰ

ਤੇਰੇ ਮੇਰੇ ਵਿਚਕਾਰ ਇਹ ਫ਼ਾਸਲਾ ਕਿਉਂ ਹੈ?
ਅਜਨਬੀਆਂ ਵਾਂਗ ਚੁੱਪ ਦਾ ਸਿਲਸਿਲਾ ਕਿਉਂ ਹੈ?
ਜ਼ਿੰਦਗੀ ਦੇ ਵਿੱਚ ਜੇ ਇੱਕ ਤੂੰ ਨਾ ਮਿਲਿਆ-
ਤਾਂ ਜ਼ਿੰਦਗੀ ਦੇ ਪ੍ਰਤੀ ਇਹ ਗਿਲਾ ਕਿਉਂ ਹੈ?
ਇੱਕ ਤੇਰੀ ਜੁਦਾਈ ਦਾ ਗ਼ਮ ਹੀ ਬਹੁਤ ਸੀ-
ਰੋਜ਼ਗਾਰ ਦੇ ਗ਼ਮ ਦਾ ਇਹ ਜ਼ਲਜ਼ਲਾ ਕਿਉਂ ਹੈ?
ਕੁੱਝ ਨਹੀਂ ਇੱਕ ਯਾਦ ਤਾਂ ਦਿਲ ਵਿੱਚ ਹੈ-
ਕੁੱਝ ਨਹੀਂ ਤੂੰ ਨਿਰਾਸ਼ ਐ ਦਿਲਾ ਕਿਉਂ ਹੈ?





Academy of the Punjab in North America: http://www.apnaorg.com

# ਦੀਵਾਲੀ ਦੀ ਰਾਤ

ਛੋਟੇ ਪਲਾਂ 'ਚੋਂ ਵੱਡੀ ਖੁਸ਼ੀ ਚੁਰਾਣੀ ਹੈ!
ਇਹ ਰਾਤ ਸਿਖ਼ਰ ਦੁਪਹਿਰ ਵਾਂਗ ਮਨਾਣੀ ਹੈ!
ਉੜ ਚੁੱਕੇ ਸਮੇਂ ਦੇ ਖੰਭ ਇੱਕਠੇ ਕਰਕੇ-
ਯਾਦਾਂ ਦੇ ਫੁੱਲਾਂ ਦੀ ਟੋਕਰੀ ਸਜਾਣੀ ਹੈ!
ਜੁੱਗਾਂ ਦੇ ਫੈਲੇ ਹੋਏ ਹਨੇਰੇ ਵਿੱਚ -
ਰੌਸ਼ਨੀ ਦੀ ਇੱਕ ਲੋਅ ਜਲਾਣੀ ਹੈ!
ਬੀਤ ਰਹੀ ਰਾਤ ਦੇ ਸਿਤਾਰੇ ਤੋੜ ਕੇ-
ਚਾਂਦੀ ਰੰਗੀ ਨਵੀਂ ਸਵੇਰ ਲਿਆਣੀ ਹੈ!






Academy of the Punjab in North America: http://www.apnaorg.com

## ਗ਼ਜ਼ਲ - ਦਿਲ

ਦਿਲ ਤਾਂ ਛੋਟਾ ਜਿਹਾ ਸੀ,
ਤੂੰ ਵੱਢਾ ਦੁੱਖ ਕਿਵੇਂ ਲਗਾ ਲਿਆ?
ਸਾਰੀ ਉਮਰ ਦਾ ਰੋਣਾ,
ਝੋਲੀ ਦੇ ਵਿੱਚ ਕਿਵੇਂ ਪਾ ਲਿਆ?
ਵਕਤ ਦੀ ਹਨੇਰੀ ਕਦ ਝੁੱਲ਼ੀ,
ਪਤਾ ਵੀ ਨਾ ਚੱਲਿਆ-
ਕਦ ਤੂੰ ਆਪਣੇ ਦਾਮਨ ਨੂੰ,
ਕੰਢਿਆਂ ਨਾਲ਼ ਸਜਾ ਲਿਆ?

ਜ਼ਿੰਦਗੀ ਵਿੱਚ ਬਹਾਰ ਦੀ
ਉਡੀਕ ਕਰਦਿਆਂ ਕਰਦਿਆਂ-
ਪਤਝੜ ਦੇ ਪੀਲੇ ਪੱਤਿਆਂ ਨੂੰ,
ਕਿਵੇਂ ਅਪਣਾ ਲਿਆ?
ਉਮੀਦ ਦੀ ਸੁਲਗਦੀ ਹੋਈ
ਚਿੰਗਾਰੀ ਹੀ ਠੀਕ ਸੀ-
ਦਿਲ 'ਚ ਨਾਉਮੀਦੀ ਦੀ ਅੱਗ ਨੂੰ,
ਕਿਵੇਂ ਜਲਾ ਲਿਆ?





Academy of the Punjab in North America: http://www.apnaorg.com

# ਗ਼ਜ਼ਲ - ਅੱਜ ਫਿਰ ਦਿਲ ਉਦਾਸ ਹੈ

ਅੱਜ ਫਿਰ ਦਿਲ ਉਦਾਸ ਹੈ ਕੀ ਕਰੀਏ?
ਗ਼ਮ ਦੇ ਵਿੱਚ ਬੇਆਸ ਹੈ ਕੀ ਕਰੀਏ?
ਦਿਨ ਵੀ ਬੇਚੈਨੀ ਜਿਹੀ ‘ਚ ਬੀਤਿਆ-
ਇਹ ਰਾਤ ਵੀ ਨਿਰਾਸ ਹੈ ਕੀ ਕਰੀਏ?
ਰੂਹ ਦਾ ਹਰ ਕਤਰਾ ਪਰੇਸ਼ਾਨ ਜਿਹਾ
ਤੇ ਦਿਲ ਅੰਦਰ ਪਿਆਸ ਹੈ ਕੀ ਕਰੀਏ?
ਬੇਚੈਨੀ ਦਾ ਹਾਲ ਕਿਸਨੂੰ ਕਹੀਏ-
ਹਰ ਕੋਈ ਉਦਾਸ ਹੈ ਕੀ ਕਰੀਏ?
ਮੇਰੇ ਗ਼ਮਗੁਸਾਰ ਤੂੰ ਵਾਪਸ ਆ ਜਾ-
ਕੋਈ ਵੀ ਨਹੀਂ ਪਾਸ ਹੈ ਕੀ ਕਰੀਏ?



Academy of the Punjab in North America: http://www.apnaorg.com

# ਗ਼ਜ਼ਲ – ਆਈਨਾ

ਆਈਨੇ 'ਚ ਆਪਣੀ ਹੀ ਸੂਰਤ ਦੇਖ ਕੇ ਘਬਰਾ ਗਏ।
ਕੁੱਝ ਇਸ ਤਰ੍ਹਾਂ ਜ਼ਿੰਦਗੀ ਤੋਂ ਅਸੀਂ ਤੰਗ ਆ ਗਏ।
ਤੀਲਾ ਤੀਲਾ ਜੋੜ ਕੇ ਆਸਾਂ ਦੇ ਮਹਿਲ ਬਣਾਏ ਸੀ,
ਵਕਤ ਦੇ ਤੇਜ਼ ਥਪੇੜੇ ਉਹ ਮਹਿਲ ਵੀ ਢਾਹ ਗਏ।
ਮੰਜ਼ਿਲ ਦੇ ਕੋਲ ਪੰਹੁਚਣਾ ਤਾਂ ਕਿੱਥੇ ਨਸੀਬ ਸੀ,
ਮੰਜ਼ਿਲ ਦੇ ਰਾਹ ਵਿੱਚ ਹੀ ਅਸੀਂ ਠੋਕਰ ਖਾ ਗਏ।
ਮੁਹੱਬਤ ਦੀ ਆਰਜ਼ੂ ਸੀ ਉਹ ਵੀ ਨਾ ਪੂਰੀ ਹੋਈ,
ਰੋਜ਼ਗ਼ਾਰ ਦੇ ਗ਼ਮ ਵੀ ਦਿਲ ਨੂੰ ਡਾਹਢਾ ਤੜਪਾ ਗਏ।
ਬਹਾਰ ਦੀ ਰੰਗਤ ਸਾਨੂੰ ਕਿੱਥੇ ਨਸੀਬ ਹੋਣੀ ਸੀ,
ਜਦੋਂ ਦਿਲ ਉੱਪਰ ਪੱਤਝੜ ਦੇ ਰੰਗ ਪਹਿਲਾਂ ਹੀ ਛਾ ਗਏ।





Academy of the Punjab in North America: http://www.apnaorg.com

# ਗ਼ਜ਼ਲ – ਜ਼ਿੰਦਗੀ ਦੇ ਸੁੰਨੇ ਅਕਾਸ਼ ਵਿੱਚ

ਜ਼ਿੰਦਗੀ ਦੇ ਸੁੰਨੇ ਅਕਾਸ਼ ਵਿੱਚ
ਇੱਕ ਵੀ ਸਿਤਾਰਾ ਨਹੀਂ!
ਇਸ ਭਰੇ ਸੰਸਾਰ ਵਿੱਚ
ਜੀਣ ਦਾ ਕੋਈ ਸਹਾਰਾ ਨਹੀਂ!
ਤੂੰ ਮਿਲਿਆ ਤਾਂ ਜ਼ਿੰਦਗੀ
ਜਿਵੇਂ ਫੁੱਲ ਵਾਂਗ ਖਿੜ ਉੱਠੀ,
ਤੇਰੇ ਜਾਣ ਨਾਲ਼ ਹੁਣ
ਇਹ ਬਹਾਰ ਵੀ ਗ਼ਵਾਰਾ ਨਹੀਂ!
ਹਰ ਰੋਜ਼ ਰੂਹ ਦੀ ਬੇਕਰਾਰੀ
ਵਧਦੀ ਹੈ ਜਾ ਰਹੀ,
ਹੁਣ ਇਸ ਦੇਹੀ ਦੇ ਕਫ਼ਸ
ਵਿੱਚ ਵੀ ਗੁਜ਼ਾਰਾ ਨਹੀਂ!
ਤੇਰੇ ਵਾਸਤੇ ਕਿਸ ਤਰ੍ਹਾਂ ਕੋਈ
ਪੈਗਾਮ ਭੇਜੀਏ,
ਪੈਗਾਮ ਭੇਜਣ ਲਈ ਇੱਥੇ
ਕੋਈ ਵੀ ਹਰਕਾਰਾ ਨਹੀਂ!
ਹਰ ਵਕਤ ਤੇਰੀ ਯਾਦ ਹੈ
ਤੜਪਾਂਦੀ ਰਹਿੰਦੀ,
ਉਸ ਤੋਂ ਬਚਣ ਦਾ ਸਾਡੇ ਕੋਲ
ਕੋਈ ਵੀ ਚਾਰਾ ਨਹੀਂ!
ਇਹ ਮਹਿਫ਼ਲਾਂ ਹੁਣ
ਦਿਲ ਨੂੰ ਹੁਣ ਨਹੀਂ ਭਾਉਂਦੀਆਂ,
ਜਦ ਸਾਡੇ ਕੋਲ
ਸਾਡਾ ਮਿੱਤਰ ਪਿਆਰਾ ਨਹੀਂ!





Academy of the Punjab in North America: http://www.apnaorg.com

# ਗ਼ਜ਼ਲ - ਦਿਲ ਨੂੰ

ਦਿਲ ਨੂੰ ਜ਼ਰਾ ਵੀ ਕਰਾਰ ਨਹੀਂ ਹੈ।
ਸਾਡੇ ਨਾਲ਼ ਕਿਸੇ ਨੂੰ ਪਿਆਰ ਨਹੀਂ ਹੈ।
ਕੋਈ ਹਮਦਮ, ਕੋਈ ਹਮਨਸ਼ੀਂ ਨਾ ਮਿਲਿਆ-
ਸਾਡੇ ਦਰਦ ਦਾ ਕੋਈ ਰਾਜ਼ਦਾਰ ਨਹੀਂ ਹੈ।
ਦਿਲ ਹੈ ਕਿ ਡੁੱਬਦਾ ਹੀ ਜਾ ਰਿਹਾ-
ਸਾਡਾ ਦਿਲ ਕਿਓਂ ਉਸਤਵਾਰ ਨਹੀਂ ਹੈ।
ਜਦ ਤੋਂ ਇਸ ਹਿਜਰ ਦੀ ਖ਼ਲਿਸ਼ ਮਿਲੀ ਹੈ-
ਸਾਡੇ ਦਰਦ ਦਾ ਕੋਈ ਸ਼ੁਮਾਰ ਨਹੀਂ ਹੈ।
ਇਹ ਸਫ਼ਰ ਵੀ ਕਿੰਨਾ ਸੁੰਨਸਾਨ ਹੈ-
ਰਾਹ ਵਿੱਚ ਵੀ ਕੋਈ ਦਿਆਰ ਨਹੀਂ ਹੈ।
ਅਹਿਲੇ-ਦਿਲ ਇੱਕ ਵਾਰ ਹੀ ਆ ਕੇ ਮਿਲ-
ਜ਼ਿੰਦਗੀ 'ਚ ਕੋਈ ਗ਼ਮਗੁਸਾਰ ਨਹੀਂ ਹੈ।





Academy of the Punjab in North America: http://www.apnaorg.com

# ਗੀਤ - ਇੱਕ ਵਾਰੀ ਆ ਜਾ ਵੇ!

ਕਲੇਜੇ ਠੰਡ ਪਾ ਜਾ ਵੇ!
ਇੱਕ ਵਾਰੀ ਆ ਜਾ ਵੇ!

ਤੇਰੇ ਬਿਨ ਮੈਂ ਰੋਈ ਆਂ!
ਜਲਥਲ ਮੈਂ ਹੋਈ ਆਂ!
ਤੂੰ ਦਰਸ ਦਿਖਾ ਜਾ ਵੇ!
ਇੱਕ ਵਾਰੀ ਆ ਜਾ ਵੇ!

ਤੇਰੀ ਦੀਦ ਦੀ ਪਿਆਸੀ ਹਾਂ!
ਤੇਰੇ ਬਿਨ ਮੈਂ ਨਿਰਾਸੀ ਹਾਂ!
ਤੂੰ ਆਸ ਜਗਾ ਜਾ ਵੇ!
ਇੱਕ ਵਾਰੀ ਆ ਜਾ ਵੇ!

ਜੱਗ ਭਰਿਆ ਮੇਲਾ ਏ!
ਪਰ ਦਿਲ ਤਾਂ ਅਕੇਲਾ ਏ!
ਤੂੰ ਰੌਣਕਾਂ ਲਾ ਜਾ ਵੇ!
ਇੱਕ ਵਾਰੀ ਆ ਜਾ ਵੇ!






Academy of the Punjab in North America: http://www.apnaorg.com

# ਤਲਾਸ਼

ਇੱਕ ਦਰਦ ਹੈ ਜਿਹੜਾ ਜਾਂਦਾ ਹੀ ਨਹੀਂ।
ਇੱਕ ਖ਼ੁਸ਼ੀ ਹੈ ਜਿਹੜੀ ਆਉਂਦੀ ਹੀ ਨਹੀਂ।
ਕਿਹੋ ਜਿਹੇ ਰਸਤੇ ਨੇ ਜ਼ਿੰਦਗੀ ਦੇ!
ਤਨਹਾ ਜਿਹੇ, ਇਕੱਲ ਨੂੰ ਸਮੇਟੇ ਹੋਏ-
ਰੋਜ਼ ਟੁਰ ਰਿਹਾ ਹਾਂ ਮੈਂ ਇਹਨਾਂ ਉੱਪਰ।
ਪਤਾ ਨਹੀਂ ਕਿੰਨੀ ਦੇਰ ਤੋਂ ਟੁਰਦਾ-
ਇਸ ਮੋੜ ਤੇ ਪੁਜਿਆ ਹਾਂ।
ਹੁਣ ਅੱਗੇ ਵਧਣ ਦਾ ਸਬੱਬ ਵੀ ਨਹੀਂ ਲੱਭਦਾ।
ਮੱਥੇ ਦੇ ਵਿੱਚ ਤਲਾਸ਼ ਦਾ ਦੀਪ ਵੀ ਨਹੀਂ ਜਗਦਾ।
ਇਹ ਮੋੜ ਤਾਂ ਮੇਰੀ ਤਲਾਸ਼ ਦਾ ਅੰਤ ਨਹੀਂ-
ਮੈਂ ਤਾਂ ਅਜੇ ਹੋਰ ਕਿਤੇ ਜਾਣਾ ਹੈ-
ਦੂਰ ਬਹੁਤ ਦੂਰ ਸਿਤਾਰਿਆਂ ਦੇ ਪਾਰ!
ਸ਼ਇਦ ਉੱਥੇ ਜਾ ਕੇ ਮੁਕੰਮਲ ਹੋਏਗੀ ਮੇਰੀ ਤਲਾਸ਼!





Academy of the Punjab in North America: http://www.apnaorg.com

# ਗ਼ਜ਼ਲ - ਤੇਰੇ ਬਿਨਾਂ

ਤੇਰੇ ਬਿਨਾਂ ਜ਼ਿੰਦਗੀ ਵੀ ਕਿਹੋ ਜਿਹੀ ਹੋ ਗਈ।
ਹਰ ਪਲ ਦਰਦ ਦੀ ਇੱਕ ਦਾਸਤਾਂ ਜਿਹੀ ਹੋ ਗਈ।
ਕਦੇ ਇੰਝ ਹੈ ਲਗਦਾ ਕਿ ਤੂੰ ਮੇਰੇ ਨਾਲ਼ ਏਂ,
ਕਦੇ ਇੰਝ ਹੈ ਲਗਦਾ ਕਿ ਤੂੰ ਦੂਰ ਗੁੰਮ ਹੋ ਗਈ।
ਹਨੇਰਾ ਹੀ ਹਨੇਰਾ ਹੈ ਜ਼ਿੰਦਗੀ 'ਚ ਹਰ ਤਰਫ਼,
ਇੱਕ ਆਸ ਦੀ ਲੋਅ ਸੀ ਉਹ ਵੀ ਗੁੰਮ ਹੋ ਗਈ।
ਯਾਦਾਂ ਦੇ ਨਾਲ਼ ਹੀ ਜੀਣਾ ਹੁਣ ਸਿੱਖ ਲਿਆ,
ਜ਼ਿੰਦਗੀ ਨੂੰ ਵੀ ਕਿਹੋ ਜਿਹੇ ਸਹਾਰੇ ਦੀ ਆਦਤ ਹੋ ਗਈ।





Academy of the Punjab in North America: http://www.apnaorg.com

# ਅੰਤਿਮ ਵਿਦਾ

ਸਾਡੇ ਹੱਥਾਂ ਵਿੱਚ ਫੜੀਆਂ
ਕੌਫ਼ੀ ਦੀਆਂ ਪਿਆਲੀਆਂ
ਛਲਕ ਛਲਕ ਗਈਆਂ-
ਜਦ ਅਸਾਡੇ ਵਿਛੜਨ ਦੀ
ਦਰਦਨਾਕ ਘੜੀ ਆਈ।
ਇੱਕ ਹੂਕ ਜਿਹੀ
ਦਿਲ ਵਿੱਚ ਉੱਠਦੀ ਹੋਈ
ਅੱਖੀਆਂ ਦੇ ਵਿੱਚੋਂ
ਨਿੱਕਲ ਕੇ ਸਾਡੀਆਂ
ਗੱਲ੍ਹਾਂ ਉੱਪਰ ਡੁਲ੍ਹਕ ਆਈ।
ਪੋਲੇ ਜਿਹੇ ਆਪਾਂ
ਕੌਫ਼ੀ ਦੇ ਪਿਆਲੇ
ਮੇਜ਼ ਤੇ ਟਿਕਾਏ।
ਅਤੇ ਆਪਣੇ
ਸੀਤ-ਬਰਫ਼ ਹੱਥ
ਇੱਕ ਦੂਸਰੇ ਨਾਲ਼ ਮਿਲਾਏ।
ਬਦਨ ਵਿੱਚ ਦਰਦ ਦੀ
ਇੱਕ ਲਹਿਰ ਜਿਹੀ ਫੈਲ ਗਈ।
ਸਾਹਾਂ ਦੀ ਉਦਾਸ ਹਵਾ
ਦਿਲਾਂ ਨੂੰ ਹਿਲਾ ਗਈ।
ਬੁੱਲ੍ਹਾਂ ਤੇ ਦਰਦੀਲੇ ਬੋਲਾਂ
ਦੀ ਫੜਕਣ ਉੱਭਰ ਆਈ।
ਜਦ ਅਸਾਡੇ ਵਿਛੜਨ ਦੀ
ਦਰਦਨਾਕ ਘੜੀ ਆਈ।



Academy of the Punjab in North America: http://www.apnaorg.com

ਕੌੜੀਆਂ ਹਕੀਕਤਾਂ ਜ਼ਿੰਦਗੀ ਦੀਆਂ
ਬਦਨਾਂ ਤੇ ਹੰਢਾਉਣੀਆਂ ਨੇ ਪੈਂਦੀਆਂ।
ਵਿਛੋੜੇ ਦੀਆਂ ਛਮਕਾਂ ਦੀਆਂ ਪੀੜਾਂ
ਹੱਸਦੇ ਹੋਏ ਸਹਿਣੀਆਂ ਨੇ ਪੈਂਦੀਆਂ।
ਅੰਤਿਮ ਵਿਦਾ ਦੇ
ਗ਼ੈਰ-ਰਸਮੀ ਬੋਲ ਬੋਲ ਕੇ
ਅਸੀਂ ਕੌਫ਼ੀ ਦੇ
ਅਖੀਰੀ ਘੁੱਟ ਭਰੇ।
ਬੀਤ ਰਹੇ ਵਕਤ ਦੇ
ਡਿਗਦੇ ਹੋਏ ਪੱਥਰ
ਆਪਣੇ ਸੀਨਿਆਂ ਦੇ
ਉੱਪਰ ਜਰੇ।
ਨਿਕਟ ਭਵਿੱਖ ਲਈ
ਯਾਦਾਂ ਦੀ ਗਠੜੀ ਉਠਾਈ।
ਜਦ ਅਸਾਡੇ ਵਿਛੜਨ ਦੀ
ਦਰਦਨਾਕ ਘੜੀ ਆਈ।





Academy of the Punjab in North America: http://www.apnaorg.com

## ਕਦੇ ਕਦੇ...

ਕਦੇ ਕਦੇ ਮੈਂ ਸੋਚਦਾ ਹਾਂ ਕਿ
ਮੈਂ ਇੱਕ ਫੁੱਲ ਹੁੰਦਾ!
ਆਪਣੀ ਮਹਿਕ ਬਿਖੇਰਦਾ-
ਕਿਸੇ ਗੁਲਸਿਤਾਂ ਨੂੰ ਸਜਾਂਦਾ।
ਇਸ ਤਨ ਦੇ ਕਫ਼ਸ ਤੋਂ ਅਜ਼ਾਦ ਹੁੰਦਾ-
ਤੇ ਮਨ ਦੇ ਬੋਝ ਤੋਂ ਬਚ ਜਾਂਦਾ।
ਇਸ ਤਨ ਦੀ ਭੁੱਖ
ਮਿਟਾਉਣ ਦੀ ਲੋੜ ਨਾ ਪੈਂਦੀ।
ਜ਼ਿੰਦਗੀ ਕਿਸੇ ਬੂਟੇ ਨਾਲ
ਹੌਲੀ-ਫੁੱਲ ਰਹਿੰਦੀ।

*

ਕਦੇ ਕਦੇ ਮੈਂ ਸੋਚਦਾ ਹਾਂ ਕਿ
ਮੈਂ ਇੱਕ ਸਿਤਾਰਾ ਹੁੰਦਾ!
ਗਹਿਨ, ਕਾਲੇ ਅਕਾਸ਼ 'ਚ ਚਮਕਦਾ-
ਇੱਕ ਛਿੱਟ ਚਾਨਣ ਦੀ ਬਿਖੇਰਦਾ!
ਦੋ ਨੀਝ 'ਚ ਡੁੱਬੀਆਂ ਅੱਖਾਂ
ਮੈਨੂੰ ਲੱਭ ਲੈਂਦੀਆਂ।
ਰੋਜ਼ ਰਾਤ ਸੌਣ ਲੱਗਿਆਂ-
ਇੱਕ ਵਾਰੀ ਤੱਕ ਲੈਂਦੀਆਂ।
ਕਦੇ ਕਦੇ ਆਪਣੇ ਹਾਣੀਆਂ ਨੂੰ
ਇਹ ਕਹਿੰਦੀਆਂ-
'ਓਹ ਦੇਖੋ! ਮੇਰਾ ਸਿਤਾਰਾ।'

**

ਕਦੇ ਕਦੇ ਮੈਂ ਸੋਚਦਾ ਹਾਂ ਕਿ
ਮੈਂ ਸਮੁੰਦਰ ਹੁੰਦਾ!
ਪਾਣੀ ਸੰਗ ਪਾਣੀ ਹੋ ਕੇ ਰਹਿੰਦਾ।
ਸੁੰਦਰ ਮੱਛੀਆਂ ਤੇ ਸਿੱਪੀਆਂ
ਮੇਰੇ ਅੰਦਰ ਪਲਦੀਆਂ-



Academy of the Punjab in North America: http://www.apnaorg.com

ਮੇਰੇ ਸੀਤ ਬਦਨ 'ਚ
ਮਿੱਠੀਆਂ ਤਰੰਗਾਂ ਫੈਲਾਉਂਦੀਆਂ।
ਰੂਹ ਤਨ ਦੇ ਕਫ਼ਸ ਤੋਂ
ਦੁਖੀ ਨਾ ਹੂੰਦੀ।
ਹਰ ਰੋਜ਼ ਜ਼ਿੰਦਗੀ
ਇੰਝ ਸਮੁੰਦਰ ਨਾ ਹੁੰਦੀ।






Academy of the Punjab in North America: http://www.apnaorg.com

## .ਗਜ਼ਲ - ਇਹ ਰਸਮ ਇਹ ਰਿਵਾਜ਼

ਇਹ ਰਸਮ ਇਹ ਰਿਵਾਜ਼ ਤੋੜ ਦਿਓ!
ਦਰਿਆ ਵਗਦੇ ਹੋਏ ਮੋੜ ਦਿਓ!
ਇਸ ਦੇ ਟੁੱਟਣ ਦੀ ਨਾ ਉਡੀਕ ਕਰੋ-
ਇਹ ਤਿਲਸਮ ਖ਼ੁਦ ਹੀ ਤੋੜ ਦਿਓ!
ਦਿਲਾਂ ਵਿਚ ਇੱਕ ਨਹਿਰ ਪੁੱਟ ਕੇ-
ਸਤਲੁਜ ਅਤੇ ਝਨਾਂ ਨੂੰ ਜੋੜ ਦਿਓ!
ਸੜ ਚੁੱਕੀਆਂ ਇਹ ਧਾਰਨਾਵਾਂ-
ਗੰਦੇ ਪਾਣੀ ਨਾਲ਼ ਰੋੜ, ਦਿਓ!





Academy of the Punjab in North America: http://www.apnaorg.com

# ਗ਼ਜ਼ਲ - ਮਿੱਟੀ

ਮਿੱਟੀ ਵਿੱਚ ਆਪਣਾ ਨਿਸ਼ਾਂ ਢੂੰਡਦੇ ਹਾਂ!
ਜੋ ਵਿੱਛੜ ਗਿਆ ਉਹ ਕਾਰਵਾਂ ਢੂੰਡਦੇ ਹਾਂ!
ਜਿਹੜੀ ਸਾਡੇ ਤਨ ਤੇ ਮਨ ਨੂੰ ਠਾਰ ਦੇਵੇ-
ਇਹੋ ਜਿਹੇ ਹਰੇ ਬੂਟੇ ਦੀ ਛਾਂ ਢੂੰਡਦੇ ਹਾਂ!
ਇਹਨਾਂ ਪੈਂਡਿਆਂ ਉੱਪਰ ਜੋਗੀ ਬਣਕੇ-
ਰੰਗਪੁਰ ਖੇੜਿਆਂ ਵਾਲਾ ਗਿਰਾਂ ਢੂੰਡਦੇ ਹਾਂ!
ਇਸ ਦੁਨੀਆਂ ਦੇ ਜੀਣ ਤੋਂ ਹੁਣ ਅਸੀਂ ਉਕਤਾ ਕੇ-
ਸਿਤਾਰਿਆਂ ਤੋਂ ਪਾਰ ਦਾ ਜਹਾਂ ਢੂੰਡਦੇ ਹਾਂ!






Academy of the Punjab in North America: http://www.apnaorg.com

# ਗ਼ਜ਼ਲ – ਤੇਰੀ ਯਾਦ ਦੇ ਨਕਸ਼

ਚਾਹ ਕੇ ਵੀ ਤੈਨੂੰ ਭੁਲਾ ਨਾ ਸਕੇ।
ਤੇਰੀ ਯਾਦ ਦੇ ਨਕਸ਼ ਮਿਟਾ ਨਾ ਸਕੇ।
ਤੈਨੂੰ ਪਾਣ ਦੀ ਹਸਰਤ ਅਧੂਰੀ ਰਹੀ–
ਜ਼ਿੰਦਗੀ 'ਚ ਇੱਕ ਤੈਨੂੰ ਹੀ ਪਾ ਨਾ ਸਕੇ।
ਤੇਰੇ ਪਿਆਰ ਦੇ ਫੁੱਲ-ਬੂਟਿਆਂ ਨਾਲ –
ਅਸੀਂ ਦਿਲ ਦਾ ਚਮਨ ਸਜਾ ਨਾ ਸਕੇ।
ਇਸ ਅਧੂਰੇ ਤਨ ਦਾ ਬੋਝ ਉਠਾਕੇ–
ਜ਼ਿੰਦਗੀ ਦੇ ਪੰਧ ਉੱਪਰ ਜਾ ਨਾ ਸਕੇ।
ਦਿਲ ਵੀ ਬਹੁਤ ਬੇਕਰਾਰ ਹੁੰਦਾ ਰਿਹਾ–
ਬੱਸ ਇਸ ਦਿਲ ਨੂੰ ਹੀ ਬਹਿਲਾ ਨਾ ਸਕੇ।






Academy of the Punjab in North America: http://www.apnaorg.com

# ਕੁਕਨੁਸ

ਅੱਖਾਂ ਦੇ ਵਿੱਚੋਂ ਅੱਥਰੂਆਂ ਦਾ ਸੈਲਾਬ ਜਦ ਵਹੇਗਾ-
ਤਾਂ ਮਸਤਕ ਦੀਆਂ ਨਸਾਂ ਦਾ ਤਣਾਅ ਥੋੜਾ ਹਲਕਾ ਹੋਏਗਾ-
ਅਧੂਰੀਆਂ ਖ਼ਾਹਿਸ਼ਾਵਾਂ ਤੇ ਉਮੰਗਾਂ ਦਾ ਧੁੰਦਲਾਪਨ-
ਅੱਥਰੂਆਂ ਦੇ ਬਹਾਅ ਨਾਲ਼ ਸਾਫ਼ ਹੋ ਜਾਏਗਾ-
ਮਨ ਦੇ ਵਿੱਚ ਚਾਹੇ ਥੋੜਾ ਜਿਹਾ ਹੀ ਹਲਕਾਪਣ ਆਏਗਾ-
ਫੇਰ ਆਪਣੇ ਹੀ ਅੱਥਰੂਆਂ ਦੇ ਸੈਲਾਬ ਵਿੱਚ ਡੁੱਬਿਆ-
ਮੈਂ ਕੁਕਨੁਸ ਦੇ ਵਾਂਗ ਉੱਠਾਂਗਾ-
ਇੱਕ ਨਵੇਂ ਦਿਨ ਦਾ ਸਾਹਮਣਾ ਕਰਨ ਵਾਸਤੇ





Academy of the Punjab in North America: http://www.apnaorg.com

# ਇੱਕ ਪਲ

ਮਜ਼ਬੂਰ ਜਿਹੀਆਂ ਨਜ਼ਰਾਂ ਨਾਲ਼
ਅਸੀਂ ਤੈਨੂੰ ਤੱਕਦੇ ਰਹੇ।
ਜੋ ਦਿਲ ਦਾ ਹਾਲ ਕਹਿਣਾ ਸੀ
ਬਹੁਤ ਚਾਹ ਕੇ ਵੀ ਕਹਿ ਨਾ ਸਕੇ।
ਪਤਾ ਹੀ ਨਹੀਂ ਕਿਓਂ
ਸਾਡੇ ਮੁੱਖੋਂ ਬੋਲ ਹੀ ਨਾ ਝੜੇ।
ਆਪਣੇ ਆਪ ਨਾਲ਼ ਚਾਹੇ
ਅਸੀਂ ਬਹੁਤ ਹੀ ਲੜੇ।
ਪਰ ਸਾਥੋਂ ਪਿਆਰ ਦਾ ਇਜ਼ਹਾਰ
ਹੀ ਨਾ ਹੋਇਆ।
ਸਾਡਾ ਦਿਲ ਅੰਦਰ ਹੀ ਅੰਦਰ
ਬਹੁਤ ਰੋਇਆ।
ਕਿਹੋ ਜਿਹੇ ਪਲ
ਜ਼ਿੰਦਗੀ ਵਿੱਚ ਨੇ ਆਂਉਦੇ!
ਜਦੋਂ ਤੁਸੀਂ ਚਾਹ ਕੇ ਵੀ
ਕੁੱਝ ਨਹੀਂ ਕਹਿ ਪਾਂਉਦੇ!
ਇੱਕ ਪਲ ਜ਼ਿੰਦਗੀ 'ਚ
ਆਇਆ ਤੇ ਟੁਰ ਗਿਆ।
ਮੈਂ ਚੁੱਪਚਾਪ ਹੀ
ਉਸਨੂੰ ਦੇਖਦਾ ਰਿਹਾ।
ਕਾਸ਼! ਉਹ ਪਲ
ਮੁੜ ਕੇ ਦੁਬਾਰਾ ਆ ਜਾਏ।
ਸ਼ਾਇਦ ਸਾਡਾ ਦਿਲ
ਉਸ ਵੇਲੇ ਕੁੱਝ ਕਹਿ ਪਾਏ।





Academy of the Punjab in North America: http://www.apnaorg.com

# ਗ਼ਜ਼ਲ – ਸਾਇਲ

ਸਾਇਲ ਹਾਂ ਆਪਣੇ ਪਿਆਰ ਦੀ ਦੌਲਤ ਦੇ ਦਿਓ!
ਇਸ ਬੇਚੈਨ ਦਿਲ ਨੂੰ ਆਪਣੀ ਹਸਰਤ ਦੇ ਦਿਓ!
ਆਪਣੇ ਪਾਪਾਂ ਨਾਲ਼ ਨਾਪਾਕ ਹਾਂ ਹੋ ਗਿਆ–
ਇਸ ਨਾਪਾਕ ਨੂੰ ਥੋੜੀ ਜਿਹੀ ਨਜ਼ਹਤ ਦੇ ਦਿਓ!
ਮੁਰਝਾਇਆ ਹਾਂ ਫਿਰਦਾ ਮੈਂ ਇਸ ਬਾਗ਼ ਦੇ ਅੰਦਰ–
ਮੇਰੀ ਮੁਹਬੱਤ ਦੇ ਫੁੱਲ ਨੂੰ ਆਪਣੀ ਨਕਹਤ ਦੇ ਦਿਓ!
ਜ਼ਿੰਦਗੀ ਦੇ ਹਰ ਮੋੜ 'ਤੇ ਮੈਂ ਭੁੱਲਦਾ ਹੀ ਰਿਹਾ–
ਇਸ ਨਾਦਾਨ ਦਿਲ ਨੂੰ ਥੋੜੀ ਜਿਹੀ ਬਸੀਰਤ ਦੇ ਦਿਓ!
ਕੁੱਝ ਹੋਰ ਨਹੀਂ ਮੰਗਦਾ ਮੈਂ ਦਰ ਤੋਂ ਤੇਰੇ–
ਆਪਣੇ ਬਿਮਾਰ ਨੂੰ ਆਪਣੀ ਉਲਫ਼ਤ ਦੇ ਦਿਓ!
ਜਿਸਨੂੰ ਪਾ ਕੇ ਜ਼ਰਾ ਵੀ ਨਹੀਂ ਹੋਸ਼ ਰਹਿੰਦੀ–
ਇਸ ਮੁਫ਼ਲਿਸ ਨੂੰ ਬੱਸ ਇਹੋ ਜਿਹੀ ਇਸ਼ਰਤ ਦੇ ਦਿਓ!





Academy of the Punjab in North America: http://www.apnaorg.com

## ਗ਼ਜ਼ਲ - ਤਾਂ ਕੀ ਹੋਇਆ!

ਅੱਖਾਂ ਵਿੱਚ ਨਮੀ ਆ ਗਈ ਤਾਂ ਕੀ ਹੋਇਆ!
ਜੇ ਇਹ ਰਾਤ ਵੀ ਰੁਲਾ ਗਈ ਤਾਂ ਕੀ ਹੋਇਆ!
ਗਿਲਾ ਨਾ ਕਰ ਜੇ ਜ਼ਿੰਦਗੀ ਦੇ ਰਾਹ ਕੱਚੇ ਨੇ-
ਜੇ ਇਹ ਬਰਸਾਤ ਵੀ ਆ ਗਈ ਤਾਂ ਕੀ ਹੋਇਆ!
ਰੌਸ਼ਨ ਹੋਇਗਾ ਇੱਕ ਦਿਨ ਤਾਰੀਕ ਮੰਜ਼ਰ ਵੀ-
ਧੂੰਏ ਦੀ ਬੱਦਲੀ ਛਾ ਗਈ ਤਾਂ ਕੀ ਹੋਇਆ!
ਡਿਗਦੇ ਹੀ ਸਹੀ ਮੰਜ਼ਿਲ ਤੱਕ ਤਾਂ ਜਾਣਾ ਹੈ -
ਜ਼ਿੰਦਗੀ ਜੇ ਠੋਕਰ ਖਾ ਗਈ ਤਾਂ ਕੀ ਹੋਇਆ!
ਬਿੱਖਰੇ ਹੋਏ ਆਲ੍ਹਣੇ ਵੀ ਮੁੜਕੇ ਬਣਨਗੇ-
ਅੱਜ ਬੇਦਰਦ ਹਵਾ ਢਾਹ ਗਈ ਤਾਂ ਕੀ ਹੋਇਆ!





Academy of the Punjab in North America: http://www.apnaorg.com

# ਤੇਰਾ ਪਿਆਰ

ਮਨ ਅਸੀਂ ਤੇਰੇ ਪਿਆਰ ਦੇ ਵਿੱਚ ਰੰਗ ਲਿਆ!
ਜ਼ਿੰਦਗੀ ਕੋਲੋਂ ਅਸੀਂ ਤੈਨੂੰ ਮੰਗ ਲਿਆ!
ਕਈ ਨਵੇਂ ਸੁਪਨੇ ਬਣਾਏ ਅਸੀਂ ਤੇਰੇ ਵਾਸਤੇ!
ਮੁਹੱਬਤ ਦੇ ਰੰਗ ਸਜਾਏ ਅਸੀਂ ਤੇਰੇ ਵਾਸਤੇ!
ਰੂਹ ਦਾ ਖਾਲੀ ਪਿਆਲਾ ਭਰਿਆ ਤੇਰੀ ਖ਼ਾਤਿਰ!
ਇਸ ਜਿਸਮ ਨੂੰ ਮੈਖ਼ਾਨਾ ਕਰਿਆ ਤੇਰੀ ਖ਼ਾਤਿਰ!
ਆਪਣੇ ਸਾਹਾਂ ਵਿੱਚ ਤੈਨੂੰ ਵਸਾਇਆ ਹੈ!
ਜ਼ਿੰਦਗੀ ਦੀ ਧੁੱਪ ਵਿੱਚ ਤੇਰੀ ਹੀ ਛਾਇਆ ਹੈ!
ਇੱਕ ਨਜ਼ਰ ਭਰ ਕੇ ਤੂੰ ਪਿਆਰ ਦੀ ਵੇਖ ਤਾਂ ਲੈ!
ਸਿਰਫ਼ ਦੋ ਬੋਲ ਹੀ ਪਿਆਰ ਦੇ ਮੁੱਖ 'ਚੋਂ ਤਾਂ ਕਹਿ!
ਸਾਡੀ ਜ਼ਿੰਦਗੀ ਦੀ ਸੁੰਨੀ ਕਹਿਕਸ਼ਾਂ ਭਰ ਦੇ!
ਤਾਰੀਕ ਹੁੰਦੇ ਸਾਡੇ ਸੁਪਨੇ ਰੌਸ਼ਨ ਕਰ ਦੇ!





Academy of the Punjab in North America: http://www.apnaorg.com

# ਗ਼ਜ਼ਲ - ਜੀਵਨ


ਇਸ ਜੀਵਨ ਤੋਂ ਮੈਂ ਕਿਉਂ ਉਪਰਾਮ ਹੋ ਗਿਆ!
ਉਲਫ਼ਤ ਦੇ ਖੇਲ ਵਿੱਚ ਕਿਉਂ ਨਾਕਾਮ ਹੋ ਗਿਆ!
ਹੋਠਾਂ ਦੇ ਉੱਪਰ ਪਹਿਲਾਂ ਬਾਤ ਆਈ ਹੀ ਨਾ -
ਹੁਣ ਕਿਉਂ ਉਲਫ਼ਤ ਦਾ ਅਫ਼ਸਾਨਾ ਆਮ ਹੋ ਗਿਆ!
ਸਾਕੀ ਨੇ ਤਾਂ ਆਪ ਕੀਤੀ ਬਥੇਰੀ ਕੋਸ਼ਿਸ਼-
ਅਫ਼ਸੋਸ ਨਸ਼ੇ ਤੋਂ ਕੋਰਾ ਸਾਡਾ ਜਾਮ ਹੋ ਗਿਆ!
ਇੱਕ ਉਮੀਦ ਹੈ ਬੱਸ ਜਿਹੜੀ ਜ਼ਰਾ ਜਿੰਦਾ ਹੈ-
ਇਹ ਜਿਸਮ ਤਾਂ ਕਦੋਂ ਦਾ ਹੀ ਤਮਾਮ ਹੋ ਗਿਆ!



Academy of the Punjab in North America: http://www.apnaorg.com

## ਗ਼ਜ਼ਲ – ਦਿਲ!

ਤੇਰੇ ਵਗੈਰ ਕਿੰਝ ਤੜਪਦਾ ਹੈ ਦਿਲ!
ਜਿਸਮ ਦੇ ਕਫ਼ਸ ਵਿੱਚ ਧੜਕਦਾ ਹੈ ਦਿਲ!
ਬੱਸ ਇਹ ਸਿਰਫ ਉੜ ਹੀ ਨਹੀਂ ਸਕਦਾ–
ਉਂਝ ਪਰਿੰਦੇ ਵਾਂਗ ਫੜਕਦਾ ਹੈ ਦਿਲ!
ਆਪਣਾ ਆਪ ਤੇਰੇ ਵਿੱਚ ਲੱਭਦਾ–
ਕਈ ਉਮਰਾਂ ਤੋਂ ਭਟਕਦਾ ਹੈ ਦਿਲ!
ਬੀਤ ਗਏ ਪਲਾਂ ਨੂੰ ਯਾਦ ਕਰਕੇ–
ਬੱਦਲਾਂ ਦੇ ਵਾਂਗ ਵਰਸਦਾ ਹੈ ਦਿਲ!
ਤੈਨੂੰ ਮਿਲਣ ਦੀ ਇੱਕ ਤਾਂਘ ਲਈ–
ਜਿਸਮ ਦੇ ਕਫ਼ਸ ਵਿੱਚ ਧੜਕਦਾ ਹੈ ਦਿਲ!






Academy of the Punjab in North America: http://www.apnaorg.com

# ਨਵਾਂ ਮੋੜ

ਜਦੋਂ ਵੀ ਮਿਲਦੀ ਹੈ ਜ਼ਿੰਦਗੀ
ਇੱਕ ਅਜਨਬੀ ਮੋੜ ਤੇ ਲੈ ਜਾਂਦੀ ਹੈ!
ਉਸ ਮੋੜ ਤੇ ਇੱਕਲਿਆਂ ਛੱਡ ਕੇ
ਫਿਰ ਕਿੱਧਰੇ ਦੂਰ ਚਲੀ ਜਾਂਦੀ ਹੈ!
ਉਸ ਮੋੜ ਤੇ ਇੱਕਲਾ ਖੜਾ
ਅੱਜ ਮੈਂ ਹੈਰਾਨ ਜਿਹਾ ਹਾਂ!
ਅੱਖਾਂ ਵਿੱਚ ਪੈ ਰਹੀ ਧੂੜ ਤੋਂ
ਮੈਂ ਰਤਾ ਪਰੇਸ਼ਾਨ ਜਿਹਾ ਹਾਂ!
ਜ਼ਿੰਦਗੀ ਦੇ ਇਸ ਮੋੜ ਤੇ ਆਕੇ
ਜਿਵੇਂ ਵਕਤ ਇੱਕਦਮ ਰੁਕ ਹੈ ਗਿਆ!
ਸੁਬਕ ਜਿਹੀਆਂ ਸੱਧਰਾਂ ਦਾ ਬੂਟਾ
ਇੱਥੇ ਪਣਪ ਨਹੀਂ ਰਿਹਾ!
ਉਸ ਬੂਟੇ ਨੂੰ ਕਿਸੇ ਹੋਰ
ਜ਼ਮੀਨ ਦੀ ਤਲਾਸ਼ ਹੈ!
ਜ਼ਿੰਦਗੀ ਅੱਜ ਮੈਨੂੰ ਇੱਕ
ਨਵੇਂ ਮੋੜ ਦੀ ਤਲਾਸ਼ ਹੈ!





Academy of the Punjab in North America: http://www.apnaorg.com

# ਗ਼ਜ਼ਲ - ਅੱਜ ਦੀ ਰਾਤ

ਆਪਣੀਆਂ ਬਾਹਾਂ ਦੀ ਆਗ਼ੋਸ਼ 'ਚ ਛੁਪਾ ਲੈ ਮੈਨੂੰ!
ਸਿਰਫ਼ ਅੱਜ ਦੀ ਰਾਤ ਹੀ ਆਪਣਾ ਬਣਾ ਲੈ ਮੈਨੂੰ!
ਇਹ ਰਾਤ ਮੁੜ ਕੇ ਸ਼ੌਰੇ ਆਉਣੀ ਵੀ ਹੈ ਜਾਂ ਨਹੀਂ-
ਅੱਜ ਦੀ ਰਾਤ ਗਹਿਰੀ ਨੀਂਦ ਤੋਂ ਜਗਾ ਲੈ ਮੈਨੂੰ!
ਹਨੇਰੇ 'ਚ ਡੁੱਬਦੀਆਂ ਜਾ ਰਹੀਆਂ ਨੇ ਰੌਸ਼ਨੀਆਂ-
ਕਦੇ ਨਾ ਬੁੱਝਣ ਵਾਲਾ ਦੀਪਕ ਬਣਾ ਲੈ ਮੈਨੂੰ!
ਰਾਤ ਵੀ ਬੀਤ ਰਹੀ ਹੰਝੂਆਂ ਦਾ ਸੈਲਾਬ ਵੀ ਵਹਿ ਰਿਹਾ-
ਸਿਰਫ਼ ਅੱਜ ਦੀ ਰਾਤ ਇਸ ਸੈਲਾਬ ਤੋਂ ਬਚਾ ਲੈ ਮੈਨੂੰ!






Academy of the Punjab in North America: http://www.apnaorg.com

# ਗੀਤ - ਕਿਸ ਤਰ੍ਹਾਂ ਦੇ ਦਿਨ

ਕਿਸ ਤਰ੍ਹਾਂ ਦੇ ਇਹ ਦਿਨ ਆਏ ?
ਇਕ ਪੀੜ ਨਸਾਂ 'ਚ ਵਹਿੰਦੀ ਜਾਏ!
ਜੀਵਨ ਦੇ ਇਸ ਮੋੜ ਤੇ ਆ ਕੇ
ਅੱਜ ਇਹ ਅਹਿਸਾਸ ਹੈ ਹੋਇਆ
ਪਹਿਲਾਂ ਜੋ ਤੜਪ ਸਤਾਉਂਦੀ ਸੀ
ਅਜ ਫਿਰ ਡਾਹਢਾ ਹੀ ਤੜਪਾਏ!
ਪਲ ਛਿਣ ਦਿਲ ਨੂੰ ਵੱਢ ਵੱਢ ਖਾਏ!
ਜਿਨ੍ਹਾਂ ਦੇ ਸੀ ਸਾਥ ਨੇ ਲੋੜੇ
ਉਹ ਸੱਜਣ ਕਦੇ ਵੀ ਨਾ ਬਹੁੜੇ
ਲੱਖਾਂ ਦੀ ਇਸ ਭੀੜ ਦੇ ਵਿੱਚੋਂ
ਬੱਸ ਇੱਕ ਸੱਜਣ ਹੀ ਮਿਲ ਜਾਏ!
ਕੁੱਝ ਹੋਰ ਨਾ ਮਨ ਲਲਚਾਏ!
ਸਮੇਂ ਦੀ ਧਾਰਾ ਵਹਿੰਦੀ ਹੋਈ
ਸਭ ਪੱਤਣ ਲੰਘ ਲੰਘ ਹੈ ਜਾਂਦੀ!
ਕਾਸ਼! ਇਸ ਪੱਤਣ ਉੱਪਰ ਆ ਕੇ
ਅੱਜ ਸਮੇਂ ਦੀ ਧਾਰਾ ਰੁਕ ਜਾਏ!
ਮੈਨੂੰ ਆਪਣੇ ਨਾਲ਼ ਲੈ ਜਾਏ!
ਕਿਸ ਤਰ੍ਹਾਂ ਦੇ ਇਹ ਦਿਨ ਆਏ ?
ਇਕ ਪੀੜ ਨਸਾਂ 'ਚ ਵਹਿਦੀ ਜਾਏ!





Academy of the Punjab in North America: http://www.apnaorg.com

# ਗ਼ਜ਼ਲ – ਇਹ ਪਿਆਰ ਦਾ ਸਾਗਰ ਹੈ

ਇਹ ਪਿਆਰ ਦਾ ਸਾਗਰ ਹੈ
ਇਸ ਵਿੱਚ ਤੂੰ ਡੁਬਕੀ ਲਗਾ ਲੈ!
ਇਹ ਹਿਜਰ ਦੀ ਤਪਸ਼ ਨੂੰ
ਥੋੜਾ ਜਿਹਾ ਹੀ ਚਾਹੇ ਘਟਾ ਲੈ!
ਇਹ ਜ਼ਿੰਦਗੀ ਦੇ ਹਸੀਨ ਪਲ
ਸ਼ੌਰੇ ਮੁੜ ਕੇ ਆਉਣ ਹੀ ਨਾ-
ਉੜਦੇ ਜਾਂਦੇ ਪਲਾਂ 'ਚੋਂ
ਖ਼ੁਸ਼ੀ ਦੇ ਕੁੱਝ ਪਲ ਚੁਰਾ ਲੈ!
ਬਰਬਾਦ ਤਮੰਨਾਵਾਂ ਦਾ ਤੂੰ
ਕੋਈ ਵੀ ਗ਼ਮ ਨਾ ਕਰ-
ਬਰਬਾਦ ਤਮੰਨਾਵਾਂ 'ਚੋਂ
ਨਵੀਆਂ ਉਮੰਗਾਂ ਉਗਾ ਲੈ!
ਇਸ ਰੂਹ ਦੀ ਭਟਕਣ ਦਾ
ਹੁਣ ਤੂੰ ਕੋਈ ਵੀ ਖ਼ੌਫ ਨਾ ਖਾਹ-
ਇਸ ਭਟਕਣ 'ਚੋਂ ਨਵੀਆਂ
ਮੰਜ਼ਿਲਾਂ ਦਾ ਤੂੰ ਪਤਾ ਲੈ!





Academy of the Punjab in North America: http://www.apnaorg.com

# ਗ਼ਜ਼ਲ – ਬੇਵੱਸ ਹਾਂ ਬਹੁਤ ਅਸੀਂ

ਬੇਵੱਸ ਹਾਂ ਬਹੁਤ ਅਸੀਂ ਹੁਣ ਕੀ ਕਰੀਏ?
ਜ਼ਿੰਦਗੀ ਦੇ ਖਾਲੀ ਸਰਵਰ ਨੂੰ ਕਿੰਝ ਭਰੀਏ?
ਅਸੀਂ ਇਸ ਦੁਨੀਆਂ ਦੇ ਅਥਾਹ ਸਾਗਰ ਵਿੱਚ-
ਬੋਝ ਚੁੱਕ ਕੇ ਤਰੀਏ ਤਾਂ ਕਿੰਝ ਤਰੀਏ?
ਅਬਾਦ ਹੀ ਤਾਂ ਨਹੀਂ ਕਰ ਸਕਦੇ ਅਸੀਂ-
ਕਿਸੇ ਦੇ ਜਹਾਨ ਨੂੰ ਅਬਾਦ ਕਿੰਝ ਕਰੀਏ?
ਆਦਮੀ ਨੂੰ ਜਦੋਂ ਆਦਮੀ ਹੈ ਮਾਰਦਾ-
ਉਨ੍ਹਾਂ ਪਲਾਂ ਦੇ ਦਰਦ ਨੂੰ ਕਿੰਝ ਜਰੀਏ?
ਮਨ ਵੀ ਪਤਾ ਨਹੀਂ ਕਿਓਂ ਹੈ ਬੇਚੈਨ ਬਹੁਤ-
ਅਸੀਂ ਧੀਰਜ ਧਰੀਏ ਵੀ ਤਾਂ ਕਿੰਝ ਧਰੀਏ?
ਫ਼ਾਸਲੇ ਪੈ ਗਏ ਨੇ ਜਿਹੜੇ ਦਿਲਾਂ ਅੰਦਰ-
ਉਹ ਫ਼ਾਸਲੇ ਵੀ ਹੁਣ ਪਾਰ ਕਿੰਝ ਕਰੀਏ?
ਕਾਤਿਲ ਨੂੰ ਕਹਿ ਦੋ ਕਿ ਅਸੀਂ ਤਿਆਰ ਹਾਂ-
ਪਰ ਮਰਨ ਤੋਂ ਪਹਿਲਾਂ ਹੀ ਕਿਉਂ ਮਰੀਏ?



Academy of the Punjab in North America: http://www.apnaorg.com

# ਰੁਬਾਈ - ਨੈਣ

ਨੈਣਾਂ ਵਿੱਚੋਂ ਇੱਕ ਸੈਲਾਬ,
ਵਹਿਣ ਨੂੰ ਤੜਪਦਾ ਹੈ।
ਪਤਾ ਨਹੀਂ ਕਿਸ ਸਮੁੰਦਰ ਨੂੰ,
ਮਿਲਣ ਲਈ ਤਰਸਦਾ ਹੈ।
ਜਦੋਂ ਵਹਿਣਗੇ ਨੈਣੋਂ ਨੀਰ,
ਰੂਹ ਨੂੰ ਕੁੱਝ ਸੁਕੂਨ ਆਏਗਾ-
ਅਜੇ ਤਾਂ ਰੂਹ ਦਾ ਹਰ ਕਤਰਾ,
ਦਰਦ ਨਾਲ਼ ਸਹਿਕਦਾ ਹੈ।






Academy of the Punjab in North America: http://www.apnaorg.com

# .ਗਜ਼ਲ – ਅੱਜ ਕੱਲ੍ਹ

ਅੱਜ ਕੱਲ੍ਹ ਸਾਡੀ ਹਾਲਤ ਬੜੀ ਅਜੀਬ ਹੈ।
ਖ਼ੁਸ਼ੀ ਕਦੇ ਬਹੁਤ ਦੂਰ ਤੇ ਕਦੇ ਬਹੁਤ ਕਰੀਬ ਹੈ।
ਕੋਈ ਹਮਨਸ਼ੀਂ ਵੀ ਨਹੀ ਕੀ ਕਰੀਏ –
ਬੜਾ ਹੀ ਬਦਨਸੀਬ ਸਾਡਾ ਨਸੀਬ ਹੈ।
ਪਲ ਹੱਥੋਂ ਰੇਤ ਵਾਂਗ ਕਿਰਦੇ ਨੇ ਜਾਂਦੇ –
ਇਹ ਸਮੇ ਦੀ ਧਾਰਾ ਵੀ ਬੜੀ ਅਜੀਬ ਹੈ।
ਇਸ ਹਿਜਰ ਤੋਂ ਵੀ ਕਿੰਝ ਅਲੱਗ ਹੋਈਏ –
ਅੱਜ ਕੱਲ੍ਹ ਹਿਜਰ ਹੀ ਸਾਡਾ ਹਬੀਬ ਹੈ।






Academy of the Punjab in North America: http://www.apnaorg.com

# ਚਿਹਰੇ

ਕਈ ਚਿਹਰੇ ਬੜੇ ਹਸੀਨ ਨੇ ਹੁੰਦੇ-
ਦਿਲ ਵਿੱਚ ਧੂਹ ਜਿਹੀ ਪਾ ਜਾਂਦੇ ਨੇ।
ਅਤੇ ਇਸ ਰੂਹ ਦੇ ਪਿਆਲੇ ਨੂੰ-
ਹਿਲਾ ਕੇ ਥੋੜਾ ਛਲਕਾ ਜਾਂਦੇ ਨੇ।

ਉਨ੍ਹਾਂ ਨੂੰ ਦੇਖ ਕੇ ਦਿਲ ਨੂੰ
ਬੜਾ ਸੁਕੂਨ ਹੈ ਮਿਲਦਾ।
ਮਨ ਦੇ ਇਸ ਗੁਲਜ਼ਾਰ ਵਿੱਚ-
ਮੁਹੱਬਤ ਦਾ ਫੁੱਲ ਹੈ ਖਿੜਦਾ!

ਜੀਅ ਚਾਹੁੰਦਾ ਹੈ ਇੱਕ ਚਿਹਰਾ-
ਸਾਡਾ ਆਪਣਾ ਹੋ ਜਾਏ!
ਤਾਰੀਕ ਜਿਹੀ ਇਸ ਜ਼ਿੰਦਗੀ ਨੂੰ-
ਆਪਣੀ ਰੌਸ਼ਨੀ ਦੇ ਜਾਏ!






Academy of the Punjab in North America: http://www.apnaorg.com

# ਗ਼ਜ਼ਲ – ਜ਼ਿੰਦਗੀ ਦਾ ਰਾਜ਼

ਹੱਥਾਂ ਵਿੱਚ ਚਿਹਰਾ ਛੁਪਾ ਲਿਆ ਹੈ!
ਛਲਕਦੇ ਹੰਝੂਆਂ ਨੂੰ ਲੁਕਾ ਲਿਆ ਹੈ!
ਉਮਰ ਭਰ ਦੀਆਂ ਸਭ ਹਸਰਤਾਂ ਨਾਲ਼ –
ਦਿਲ ਵਿੱਚ ਦਰਦ ਵਸਾ ਲਿਆ ਹੈ!
ਜਿਸਤੋਂ ਬਚਣ ਲਈ ਬਹੁਤ ਸੋਚਿਆ ਸੀ–
ਓਹੀ ਰੋਗ ਦਿਲ ਨੂੰ ਲਗਾ ਲਿਆ ਹੈ!
ਰੂਹ ਦੀ ਤੜਪ ਹੀ ਨਹੀਂ ਘੱਟ ਹੁੰਦੀ–
ਜਿਸ ਨਾਲ਼ ਮਨ ਬਹੁਤ ਤੜਪਾ ਲਿਆ ਹੈ!
ਦਰਦ ਵਿੱਚ ਕੰਬਦੇ ਹੱਥਾਂ ਨਾਲ਼ –
ਦਿਲ ਦਾ ਸ਼ਿਕਸਤਾ ਸਾਜ ਵਜਾ ਲਿਆ ਹੈ!
ਜੀਵਨ ਪੱਥ ਤੇ ਤਨਹਾ ਚਲਦਿਆਂ –
ਰਾਜ਼ ਇਸ ਜ਼ਿੰਦਗੀ ਦਾ ਪਾ ਲਿਆ ਹੈ!





Academy of the Punjab in North America: http://www.apnaorg.com

# ਗ਼ਜ਼ਲ – ਪਿਆਰ ਦਾ ਗ਼ੁਲਜ਼ਾਰ

ਅਮਨ ਨੂੰ ਪਿਆਰ ਦਾ ਗ਼ੁਲਜ਼ਾਰ ਚਾਹੀਦਾ।
ਸੱਜਣਾਂ ਦਾ ਭਰਿਆ ਇੱਕ ਦਿਆਰ ਚਾਹੀਦਾ।
ਇਹ ਫੁੱਲ ਕਿਤੇ ਇੰਝ ਹੀ ਨਾ ਮੁਰਝਾ ਜਾਏ –
ਇਸ ਨੂੰ ਤਾਂ ਆਪਣੇ ਯਾਰ ਦਾ ਦੀਦਾਰ ਚਾਹੀਦਾ।
ਇਸ ਤਰ੍ਹਾਂ ਮੇਰੇ ਨਾਲ਼ ਨਾ ਖ਼ਫ਼ਾ ਹੋ ਜ਼ਿੰਦਗੀ –
ਮੈਨੂੰ ਤਾਂ ਤੇਰਾ ਸਦੀਵੀ ਪਿਆਰ ਚਾਹੀਦਾ।





Academy of the Punjab in North America: http://www.apnaorg.com

# ਗ਼ਜ਼ਲ – ਖ਼ਲਿਸ਼

ਇਸ ਦਿਲ ਦੀ ਖ਼ਲਿਸ਼ ਦਾ ਹਾਲ
ਮੈਂ ਕਿੰਝ ਸੁਣਾਵਾਂ?
ਤਨਹਾ ਜਿਹੀ ਤਨਹਾਈ ਦਾ
ਆਲਮ ਕਿੰਝ ਹਟਾਵਾਂ?
ਸਦਲਖ਼ਤ ਹੋ ਗਏ ਨੇ ਦਿਲ ਦੇ,
ਇਸ ਰੋਗ ਦੇ ਨਾਲ਼ –

ਕਿਸੇ ਚਾਰਾਗ਼ਰ ਕੋਲ਼ ਵੀ
ਜਾਵਾਂ ਤਾਂ ਕਿੰਝ ਜਾਵਾਂ?
ਜਿਸ ਮੋੜ ਤੇ ਜ਼ਿੰਦਗੀ ਮੇਰੀ
ਰੁਕ ਗਈ ਹੈ ਆ ਕੇ –
ਉਸ ਮੋੜ ਤੋਂ ਹੁਣ ਅੱਗੇ,
ਜਾਵਾਂ ਤਾਂ ਕਿੰਝ ਜਾਵਾਂ?
ਮੇਰੀ ਮੰਜ਼ਿਲ ਦੇ ਨਿਸ਼ਾਨ
ਹੀ ਗੁੰਮ ਹੋ ਗਏ ਨੇ-
ਮੰਜ਼ਿਲ ਦਾ ਪਤਾ ਮੈਂ
ਪਾਵਾਂ ਵੀ ਤਾਂ ਕਿੰਝ ਪਾਵਾਂ?



Academy of the Punjab in North America: http://www.apnaorg.com

# ਗ਼ਜ਼ਲ – ਤੇਰੀ ਯਾਦ

ਇੱਕ ਤੇਰੀ ਯਾਦ ਦਿਲ 'ਚੋਂ ਭੁਲਾ ਨਾ ਸਕੇ–
ਉਂਝ ਭਾਵੇਂ ਖ਼ੁਦ ਨੂੰ ਅਸੀਂ ਭੁੱਲ ਗਏ ਹਾਂ।
ਜਿਸ ਪਾਸੇ ਵੀ ਸਾਨੂੰ ਤੇਰਾ ਅਕਸ ਦਿਖਿਆ–
ਅਸੀਂ ਉਸੇ ਡਗਰ ਦੇ ਵੱਲ੍ਹ ਗਏ ਹਾਂ।
ਇਸ ਪੜਾਅ ਤੇ ਜਿਹੜਾ ਵੀ ਮਾਹੌਲ ਮਿਲਿਆ–
ਉਸੇ ਮਾਹੌਲ ਦੇ ਮੁਤਾਬਿਕ ਢਲ ਗਏ ਹਾਂ।
ਬੇਆਸ ਮਨ ਨਾਲ਼ ਉਠਾਕੇ ਤਨ ਦਾ ਬੋਝ–
ਇਸ ਜ਼ਿੰਦਗੀ ਦੇ ਰਾਹ ਤੇ ਚੱਲ ਰਹੇ ਹਾਂ।
ਇੱਕ ਤੇਰੇ ਨਾਲ਼ੋਂ ਜੁਦਾ ਹੋ ਕੇ ਅਸੀਂ–
ਇਸ ਹਿਜਰ ਦੀ ਅੱਗ ਵਿੱਚ ਜਲ ਰਹੇ ਹਾਂ।





Academy of the Punjab in North America: http://www.apnaorg.com

# ਨਵੇਂ ਵਰ੍ਹੇ ਨੂੰ ਸਮਰਪਿਤ!

ਆਉਣ ਵਾਲੇ ਵਰ੍ਹੇ!
ਤੂੰ ਸੂਰਜ ਵਾਂਗ ਆ।
ਤਾਰੀਕ ਜ਼ਿੰਦਗੀ 'ਚ
ਆਸ ਦੀ ਸ਼ਫ਼ਕ ਲਿਆ।
ਅੱਖਾਂ ਵਿੱਚ ਸੁਪਨੇ
ਦਿਲ ਵਿੱਚ ਧੜਕਣ ਲਿਆ।
ਗੱਲ੍ਹਾਂ ਤੇ ਲਾਲੀ
ਹੋਠਾਂ 'ਤੇ ਤਬਸੁੱਮ ਲਿਆ।
ਸਮੇਂ ਦੇ ਪੰਛੀ
ਪਰਦੇਸੀਂ ਉੜਦੇ ਜਾਂਦੇ -
ਨਿਰਮੋਹੇ ਪੰਛੀ
ਵਾਪਿਸ ਇਸ ਦੇਸ ਲਿਆ।
ਹਿਜਰ ਦੇ ਬੋਝਿੱਲ ਪਲ
ਜਲਦ ਮੁਕਾ ਕੇ -
ਪਿਆਰ ਦੇ ਸਦੀਵੀ
ਪਲਾਂ ਦਾ ਮੌਸਮ ਲਿਆ।





Academy of the Punjab in North America: http://www.apnaorg.com

# ਨਵਾਂ ਵਰ੍ਹਾ

ਸਮੇਂ ਦੇ ਫ਼ਲਕ ਤੋਂ
ਵਰ੍ਹੇ ਦਾ ਇੱਕ ਤਾਰਾ ਟੁੱਟਿਆ।
ਦਿਲ ਨੂੰ ਕੱਝ ਹੋਇਆ
ਨੈਣਾਂ ਦਾ ਚਸ਼ਮਾ ਫੁੱਟਿਆ।
ਯਾਦ ਦੀ ਇੱਕ ਲੀਹ ਜਿਹੀ
ਉੱਠਦੀ ਚਲੀ ਗਈ।
ਦਿਲ ਦੀਆਂ ਨਾਜ਼ੁਕ ਤਹਿਆਂ
ਤੜਪਾਉਂਦੀ ਚਲੀ ਗਈ।
ਉਦਾਸ ਸ਼ਾਮ ਹੈ ਫੈਲ ਰਹੀ
ਖ਼ਿਆਲਾਂ ਦੇ ਵਿੱਚ।
ਦਰਦ ਦੀ ਖ਼ਲਿਸ਼ ਹੈ ਉੱਠ ਰਹੀ
ਸਾਲਾਂ ਦੇ ਵਿੱਚ।
ਇਸ ਖ਼ਲਿਸ਼ ਨੇ
ਆਪਣਾ ਜਮਾਲ ਹੈ ਦਿਖਾ ਦਿੱਤਾ।
ਇੱਕ ਹੋਰ ਸੁਪਨਿਆਂ ਭਰੇ
ਸੂਰਜ ਨੂੰ ਉਗਾ ਦਿੱਤਾ।
ਸੁਪਨਿਆਂ ਭਰੇ ਵਰ੍ਹੇ ਦੇ
ਸੂਰਜ ਨੂੰ ਸਲਾਮ ਹੈ!
ਅੱਖਾਂ 'ਚ ਆਸ ਦੀ ਚਮਕ
ਤੇ ਹੱਥਾਂ 'ਚ ਜਾਮ ਹੈ!





Academy of the Punjab in North America: http://www.apnaorg.com

# ਗ਼ਜ਼ਲ – ਆਸ ਦੀ ਜੋਤ

ਨਿਰਾਸ਼ਾ ਦੀ ਨਹੀਂ
ਆਸ ਦੀ ਜੋਤ ਜਗਾਓ!
ਤਾਰੀਕ ਜ਼ਿੰਦਗੀ ਵਿੱਚ
ਰੌਸ਼ਨੀ ਲਿਆਓ!
ਜ਼ੁਲਮਤ ਦਾ ਤੂਫ਼ਾਨ
ਥੰਮ ਹੀ ਜਾਏਗਾ –
ਦਿਲ ਵਿੱਚ ਪਿਆਰ
ਦਾ ਤੂਫ਼ਾਨ ਉਠਾਓ!
ਨਫ਼ਰਤ ਦੀਆਂ ਦੀਵਾਰਾਂ
ਨੂੰ ਢਾਹ ਕੇ–
ਮਹੁੱਬਤ ਦੇ ਸੂਪਨਈ
ਮਹਿਲ ਬਣਾਓ!
ਵਸਾ ਲਓ ਹਰ ਚਿਹਰਾ
ਅੱਖਾਂ ਦੇ ਵਿੱਚ–
ਹਰ ਇਨਸਾਨ ਲਈ
ਦਿਲ ਵਿੱਚ ਜਗ੍ਹਾ ਬਣਾਓ!
ਸਾਰੇ ਹੱਦਾਂ – ਬੰਨੇ
ਜਾਣਗੇ ਟੁੱਟ–
ਆਪਣੇ ਦਿਲ ਨੂੰ
ਜਹਾਂਗੀਰ ਬਣਾਓ!





Academy of the Punjab in North America: http://www.apnaorg.com

# ਗ਼ਜ਼ਲ – ਕੀ ਕਰੀਏ?

ਉਦਾਸ ਜਿਹੀ ਇਸ ਰਾਤ ਦਾ ਕੀ ਕਰੀਏ?
ਹੰਝੂਆਂ ਦੀ ਸੁਗਾਤ ਦਾ ਕੀ ਕਰੀਏ?
ਜ਼ਿੰਦਗੀ 'ਚ ਜਦ ਤਾਰੀਕੀ ਹੀ ਛਾ ਗਈ ਤਾਂ-
ਤਾਰਿਆਂ ਦੀ ਬਰਾਤ ਦਾ ਕੀ ਕਰੀਏ?
ਬਦਲ ਗਏ ਨੇ ਤਖ਼ਤ ਦੇ ਤਾਬੇਦਾਰ –
ਨਾ ਬਦਲੇ ਹਾਲਾਤ ਦਾ ਕੀ ਕਰੀਏ?
ਰਾਤ ਨੂੰ ਵਿੱਚ ਵਿਚਾਲੇ ਹੀ ਜੋ ਰਹਿ ਗਈ –
ਰਾਜਾ-ਰਾਣੀ ਦੀ ਬਾਤ ਦਾ ਕੀ ਕਰੀਏ?
ਬੱਸ ਆਏ ਤੇ ਆ ਕੇ ਉਹ ਚਲੇ ਗਏ –
ਇਹੋ ਜਿਹੀ ਮੁਲਾਕਾਤ ਦਾ ਕੀ ਕਰੀਏ?






Academy of the Punjab in North America: http://www.apnaorg.com

## ਗ਼ਜ਼ਲ – ਯਾਦਾਂ!

ਇਨਸਾਨ ਚਲੇ ਜਾਂਦੇ ਨੇ, ਰਹਿ ਜਾਂਦੀਆਂ ਨੇ ਯਾਦਾਂ!
ਜ਼ਿੰਦਗੀ ਵਿੱਚ ਹਰ ਪੱਲ ਫਿਰ ਤੜਪਾਂਦੀਆਂ ਨੇ ਯਾਦਾਂ!
ਵਕਤ ਦੇ ਗੁਜ਼ਰਨ ਨਾਲ਼ ਚਾਹੇ ਅਸੀਂ ਹਾਂ ਭੁੱਲ ਜਾਂਦੇ-
ਕਿਸੇ ਨਾ ਕਿਸੇ ਮੋੜ ਤੇ ਯਾਦ ਦਿਲਾਂਦੀਆਂ ਨੇ ਯਾਦਾਂ!
ਤਨਹਾ ਜਿਹੇ ਚੱਲਦਿਆਂ ਜਦ ਅਸੀਂ ਨਿਰਾਸ਼ ਹਾਂ ਹੁੰਦੇ-
ਮਿੱਤਰ ਪਿਆਰਾ ਬਣ ਢਾਰਸ ਬਨ੍ਹਾਂਦੀਆਂ ਨੇ ਯਾਦਾਂ!
ਜਦ ਕਦੇ ਵੀ ਤਾਰੀਕ ਰਾਤ ਆ ਕੇ ਹੈ ਘੇਰ ਲੈਂਦੀ-
ਮਨ ਦੇ ਸਿਆਹ ਕੋਨੇ 'ਚ ਦੀਪ ਜਲਾਂਦੀਆਂ ਨੇ ਯਾਦਾਂ!





Academy of the Punjab in North America: http://www.apnaorg.com

## ਟੱਪੇ - ਸੋਹਣੀ-ਮਹੀਵਾਲ

ਛੱਡ ਕੇ ਨਾ ਤੂੰ ਜਾਵੀਂ!
ਹਿਜਰਾਂ ਦੇ ਰੋਗ ਬੁਰੇ-
ਇਹ ਰੋਗ ਨਾ ਮੈਨੂੰ ਲਾਵੀਂ!

ਕੰਧਾਂ ਤੇ ਲੀਕਾਂ ਨੇ!
ਛੇਤੀ ਦੇਣੀਂ ਆ ਜਾ ਸੋਹਣਿਆ-
ਮੈਨੂੰ ਤੇਰੀਆਂ ਉਡੀਕਾਂ ਨੇ!

ਕੀ ਚੀਜ਼ ਜਵਾਨੀ ਏ?
ਉਮਰਾਂ ਦੇ ਵਰਕਾਂ ਤੇ-
ਦੁੱਖਾਂ ਦੀ ਕਹਾਣੀ ਏ!

ਪੱਟ ਚੀਰ ਕੇ ਖਿਲਾ ਦੇਵਾਂ!
ਜੇ ਤੂੰ ਹੋ ਜਾਏਂ ਮੇਰੀ ਸੋਹਣੀਏ-
ਜਿੰਦ ਤੇਰੇ ਨਾਮੇ ਲਾ ਦੇਵਾਂ!

ਜਿੰਦ ਜਾਨ ਹੈ ਕੀ ਮਾਹੀਆ?
ਲਿਖੇ ਹੋਏ ਲੇਖਾਂ ਅੱਗੇ-
ਇਨਸਾਨ ਹੈ ਕੀ ਮਾਹੀਆ?



Academy of the Punjab in North America: http://www.apnaorg.com

# ਗ਼ਜ਼ਲ – ਦਰਦ

ਦਰਦ ਨਾਲ਼ ਜ਼ਿੰਦਗੀ ਦੇ ਪਿਆਲੇ ਭਰਦੇ ਰਹੇ!
ਹਾਏ! ਬੇਪਰਵਾਹੀ 'ਚ ਅਸੀਂ ਕੀ ਕਰਦੇ ਰਹੇ!
ਬਹੁਤ ਚਾਹ ਕੇ ਵੀ ਤੇਰਾ ਪਿਆਰ ਨਾ ਮਿਲਿਆ-
ਦਿਲ ਹੀ ਦਿਲ ਵਿੱਚ ਇਸ ਗ਼ਮ ਨੂੰ ਜਰਦੇ ਰਹੇ!
ਆਪਣੇ ਆਪ ਤੋਂ ਹੀ ਪਰੇਸ਼ਾਨ ਹੋ ਕੇ ਅਸੀਂ-
ਇੰਝ ਹੀ ਇਸ ਜ਼ਿੰਦਗੀ ਨੂੰ ਬਸਰ ਕਰਦੇ ਰਹੇ!
ਡੁੱਬ ਕੇ ਰਹੇ ਤਰਦੇ, ਤਰਕੇ ਰਹੇ ਡੁੱਬਦੇ-
ਅਸੀਂ ਦੁੱਖਾਂ ਦੇ ਇਸ ਹੜ੍ਹ ਵਿੱਚ ਹੜ੍ਹਦੇ ਰਹੇ!
ਮਹਿਫ਼ਲ ਵੀ ਦਿਲਫ਼ਰੇਬ, ਸਾਕੀ ਵੀ ਹਸੀਨ ਸੀ-
ਅਸੀਂ ਇੱਕ ਤੋਂ ਬਾਅਦ ਇੱਕ ਜਾਮ ਭਰਦੇ ਰਹੇ!
ਬਹੁਤ ਦੁੱਖ ਝੱਲ੍ਹ ਕੇ ਵੀ ਹੌਂਸਲੇ ਨਾ ਹਾਰੇ-
ਦੁੱਖਾਂ ਦੀ ਅੱਗ ਅਸੀਂ ਹੋਰ ਤੇਜ਼ ਕਰਦੇ ਰਹੇ!





Academy of the Punjab in North America: http://www.apnaorg.com

# ਗੀਤ – ਹਿਜਰ ਦੀਆਂ ਰਾਤਾਂ

ਹਿਜਰ ਦੀਆਂ ਲੰਮੀਆਂ ਰਾਤਾਂ ਹੋ!
ਗ਼ਮ ਦੀਆਂ ਭਿੱਜੀਆਂ ਸੌਗਾਤਾਂ ਹੋ!

ਤੇਰੇ ਝੂਠੇ ਲਾਰੇ, ਝੂਠੇ ਵਾਅਦੇ।
ਸਾਨੂੰ ਰਹਿ ਰਹਿ ਡਾਹਡਾ ਤੜਪਾਉਂਦੇ।
ਪਰ ਮਿੱਠੀਆਂ ਤੇਰੀਆਂ ਬਾਤਾਂ ਹੋ!

ਕਿਉਂ ਛੱਡ ਕੇ ਟੁਰ ਗਿਉਂ ਪਰਦੇਸੀਂ?
ਮੁੜ ਫੇਰਾ ਪਾ ਸਾਡੇ ਵੀ ਦੇਸੀਂ।
ਖ਼ੁਸ਼ੀ ਦੀਆਂ ਲਿਆ ਬਰਾਤਾਂ ਹੋ!

ਵਹਿੰਦੇ ਸਮੇਂ ਦੇ ਹਲ ਵੀ ਰੁੱਕ ਗਏ।
ਸਾਡੇ ਸਬਰ ਦੇ ਪਲ ਵੀ ਮੁੱਕ ਗਏ।
ਹੁਣ ਨਹੀ ਲੰਘਦੀਆਂ ਸੋਜਲ ਰਾਤਾਂ ਹੋ!





Academy of the Punjab in North America: http://www.apnaorg.com

# ਰੁਬਾਈ – ਆਰਜ਼ੂ

ਇਹ ਆਰਜ਼ੂ ਹੈ ਮੇਰੀ
ਕਿ ਮੈਂ ਅੰਜੁਮ ਹੋ ਜਾਵਾਂ।
ਤੇਰੇ ਖ਼ਿਆਲਾਂ ਦੀ
ਕਹਿਕਸ਼ਾਂ 'ਚ ਗੁੰਮ ਹੋ ਜਾਵਾਂ।
ਤੇਰੇ ਨੈਣਾਂ ਦੀ ਕੈਫ਼ ਹੈ
ਇੱਕ ਫ਼ੁਸੂਨ ਦੇ ਵਾਂਗ –
ਤੇਰੇ ਹੋਠਾਂ ਦੀ ਮੈਂ
ਮਹਿਕਦੀ ਤਬਸੁੱਮ ਹੋ ਜਾਵਾਂ।






Academy of the Punjab in North America: http://www.apnaorg.com

# ਦਰਦ ਦਾ ਗੀਤ

ਤੱਤੜੀਏ ਨੀ! ਜਿੰਦੜੀਏ ਨੀ!
ਡਾਹਢਾ ਜ਼ੁਲਮ ਕਮਾਇਆ!
ਦਰਦ ਦਾ ਰੋਗ ਕਿਓਂ
ਸਾਡੀ ਝੋਲ਼ੀ ਵਿੱਚ ਪਾਇਆ!
ਫੁੱਲਾਂ ਜਿਹੇ ਕੋਮਲ ਸੁਪਨਿਆਂ ਦੀ
ਇੱਕ ਹਸਰਤ ਹੀ ਕੀਤੀ ਸੀ-
ਪਰ ਦੁੱਖਾਂ ਦਾ ਦੁਖਦਾਈ ਸੁਪਨਾ
ਸਾਡੇ ਹਿੱਸੇ ਆਇਆ!
ਖ਼ੁਸ਼ੀ ਦੇ ਕੱਝ ਪਲ ਜੇ ਕਦੇ ਮਿਲੇ
ਉਧਾਰੇ ਹੀ ਮਿਲੇ-
ਖ਼ੁਸ਼ੀ ਦਾ ਸਦੀਵੀ ਮੌਸਮ ਕਦੇ
ਇਨ੍ਹਾਂ ਵਰ੍ਹਿਆਂ 'ਚ ਨਾ ਆਇਆ!
ਜਿਹੜੇ ਮੁਕਾਮ ਰਾਹ 'ਚ ਆਏ
ਉਹ ਪਸੰਦ ਨਾ ਆਏ-
ਜਿਸਨੂੰ ਬਹੁਤ ਚਾਹਿਆ
ਉਹ ਮੁਕਾਮ ਰਾਹ ਵਿੱਚ ਹੀ ਨਾ ਆਇਆ!





Academy of the Punjab in North America: http://www.apnaorg.com

# ਗ਼ਜ਼ਲ – ਖ਼ੁਦ

ਖ਼ੁਦ ਨਾਲ ਹੀ ਖ਼ਫ਼ਾ ਖ਼ਫ਼ਾ ਰਹਿੰਦੇ ਹਾਂ!
ਅੱਜ-ਕੱਲ੍ਹ ਅਸੀਂ ਤਨਹਾ ਜਿਹੇ ਰਹਿੰਦੇ ਹਾਂ!
ਅਜੀਬ ਜਿਹਾ ਮਦਹੋਸ਼ੀ ਦਾ ਆਲਮ ਹੈ-
ਅਸੀਂ ਇੱਕ ਬੇਖ਼ੁਦੀ ਵਿੱਚ ਰਹਿੰਦੇ ਹਾਂ!
ਨਕਾਮ ਜਵਾਨੀ ਦੇ ਟੁੱਟੇ ਸੁਪਨਿਆਂ ਦੇ-
ਬਿੱਖਰੇ ਟੁਕੜੇ ਚੁਣਦੇ ਰਹਿੰਦੇ ਹਾਂ!
ਬਹੁਤ ਚਾਹ ਕੇ ਵੀ ਜੋ ਨਸੀਬ ਨਾ ਹੋਇਆ-
ਓਹੀ ਆਸ਼ਿਆਂ ਢੂੰਡਦੇ ਰਹਿੰਦੇ ਹਾਂ!
ਅੱਜ-ਕੱਲ੍ਹ ਅਸੀਂ ਸ਼ੀਸ਼ੇ ਦਾ ਦਿਲ ਲੈ ਕੇ-
ਪੱਥਰਾਂ ਦੇ ਸ਼ਹਿਰ ਵਿੱਚ ਰਹਿੰਦੇ ਹਾਂ!





Academy of the Punjab in North America: http://www.apnaorg.com

# ਦਰਦ ਦੀ ਧੁੱਪ

ਰਾਤਾਂ ਲੰਮੀਆਂ ਹੋਈਆਂ
ਪਰ ਜੀਵਨ ਦੇ ਪਲ ਛੋਟੇ!
ਵਰ੍ਹਿਆਂ ਦੇ ਵਰ੍ਹੇ,
ਹੱਥਾਂ 'ਚੋਂ ਛੁੱਟਦੇ ਨੇ ਜਾ ਰਹੇ!

ਹੁਣ ਤਾਂ ਸੁਪਨੇ ਵੀ ਆਉਣੇ
ਬੰਦ ਹੋ ਗਏ-
ਨੀਂਦ ਦੇ ਮਦਹੋਸ਼ ਪਲ
ਸਭ ਮੁੱਕਦੇ ਨੇ ਜਾ ਰਹੇ!

ਜੀਵਨ ਦੇ ਸਭ ਰੁਝੇਵੇਂ
ਝੂਠੇ ਜਿਹੇ ਨੇ ਲਗਦੇ-
ਜੋ ਜੀਵਨ ਦੇ ਮਿੱਠੇ ਰਸ ਨੂੰ
ਰੋਜ਼ ਲੁੱਟਦੇ ਨੇ ਜਾ ਰਹੇ!

ਹਰ ਪਲ ਵਧ੍ਹਦੇ
ਦਰਦ ਦੀ ਤੇਜ਼ ਧੁੱਪ ਨਾਲ
ਸਾਡੀ ਜ਼ਿੰਦਗੀ ਦੇ ਸਰਵਰ
ਸੁੱਕਦੇ ਨੇ ਜਾ ਰਹੇ!





Academy of the Punjab in North America: http://www.apnaorg.com

## ਗ਼ਜ਼ਲ – ਦਿਲ ਦਾ ਸ਼ਿਕਸਤਾ ਸਾਜ਼

ਦਿਲ ਦਾ ਸ਼ਿਕਸਤਾ ਸਾਜ਼ ਹਾਂ ਵਜਾਉਂਦੇ!
ਹਰ ਪਲ ਦਰਦ ਭਰੇ ਗੀਤ ਹਾਂ ਗਾਉਂਦੇ!
ਕਦੇ ਹੰਝੂਆਂ ਤੇ ਕਦੇ ਗੀਤਾਂ ਨਾਲ਼ –
ਇਸ ਬਿਸਮਿਲ ਦਿਲ ਨੂੰ ਹਾਂ ਸਮਝਾਉਂਦੇ!
ਜੀਵਨ ਦੇ ਕੋਰੇ ਵਰਕਿਆਂ ਉੱਪਰ –
ਵਿੰਗੀਆਂ ਲਕੀਰਾਂ ਹਾਂ ਵਾਹੁੰਦੇ!
ਪਲ ਪਲ ਮਰਕੇ ਫੇਰ ਜਿੰਦਾ ਹਾਂ ਹੁੰਦੇ–
ਕੁਕਨੁਸ ਵਾਂਗ ਉਮਰ ਦੀ ਕੈਦ ਹਾਂ ਹੰਢਾਉਂਦੇ!
ਜ਼ਿੰਦਗੀ ਨਾਮ ਦੇ ਹਮਸਫ਼ਰ ਨੂੰ ਢੂੰਡਦੇ–
ਹਰ ਰਾਹਗੁਜ਼ਰ ਤੇ ਪੜਾਂ ਹਾਂ ਲਾਉਂਦੇ!
ਜਦੋਂ ਦਰਦ ਨਾਲ਼ ਦਿਲ ਹੈ ਭਰ ਜਾਂਦਾ–
ਸੇਜਲ ਅੱਖਾਂ ਨਾਲ਼ ਹਾਂ ਮੁਸਕਰਾਉਂਦੇ!
ਨਵੀਂ ਉਮੀਦ ਤੇ ਨਵੀਂ ਉਮੰਗ ਲੈ ਕੇ–
ਹਰ ਨਵੇਂ ਦਿਨ ਤੇ ਨਜ਼ਰਾਂ ਹਾਂ ਟਿਕਾਉਂਦੇ!





Academy of the Punjab in North America: http://www.apnaorg.com

# ਗ਼ਜ਼ਲ – ਭਟਕਦੇ ਹਾਂ ਫਿਰਦੇ

ਭਟਕਦੇ ਹਾਂ ਫਿਰਦੇ ਅਸੀਂ ਇਸ ਜਹਾਂ ਦੇ ਵਿੱਚ!
ਪੰਛੀ ਜਿਵੇਂ ਭਟਕਦੇ ਨੇ ਆਸਮਾਂ ਦੇ ਵਿੱਚ!
ਵਿਸਾਲੇ-ਯਾਰ ਦੀ ਤਮੰਨਾ ਕਰਦੇ ਰਹੇ-
ਪਰ ਹਿਜਰ ਹੀ ਮਿਲਿਆ ਇਸ ਆਸ਼ਿਆਂ ਦੇ ਵਿੱਚ!
ਸਭ ਦੁੱਖ-ਦਰਦ ਭੁੱਲ ਕੇ ਹਾਂ ਅੱਜ ਜੀ ਰਹੇ-
ਖ਼ਾਰਾਂ ਨਾਲ਼ ਭਰੇ ਹੋਏ ਇਸ ਗ਼ੁਲਸਿਤਾਂ ਦੇ ਵਿੱਚ!
ਸਿਰਫ਼ ਇੱਕ ਪਿਆਰ ਹੀ ਅਸੀਂ ਮੰਗਿਆ ਸੀ-
ਹੋਰ ਕੁੱਝ ਨਹੀਂ ਸੀ ਮੰਗਿਆ ਜਹਾਂ ਦੇ ਵਿੱਚ!
ਜਿਸਦੀ ਜੁਸਤਜੂ ਵਿੱਚ ਅਸੀਂ ਹਾਂ ਫਿਰ ਰਹੇ-
ਉਸਦਾ ਪਤਾ ਕਿਸੇ ਨੇ ਨਾ ਦੱਸਿਆ ਕਾਰਵਾਂ ਦੇ ਵਿੱਚ!





Academy of the Punjab in North America: http://www.apnaorg.com

# .ਗਜ਼ਲ – ਹਿਜਾਬ

ਆਪਣੇ ਚਿਹਰੇ ਤੋਂ ਇਹ ਹਿਜਾਬ ਹਟਾ ਦੇਵੋ!
ਆਪਣਾ ਹਸੀਨ ਮੁਖੜਾ ਜ਼ਰਾ ਦਿਖਾ ਦੇਵੋ!
ਜ਼ਿੰਦਗੀ ਜੇ ਇੱਕ ਮਨਮੋਹਕ ਨਗ਼ਮਾ ਹੈ–
ਤਾਂ ਇਹ ਨਗ਼ਮਾ ਮੈਨੂੰ ਅੱਜ ਸੁਣਾ ਦੇਵੋ!
ਮੇਰੀ ਜ਼ਿੰਦਗੀ ਦੀ ਖਾਲੀ ਕਿਤਾਬ ਵਿੱਚ –
ਪਿਆਰ ਦਾ ਇੱਕ ਵਰਕਾ ਹੀ ਲਗਾ ਦੇਵੋ!
ਸਹਬਾ ਨਾਲ਼ ਲਬਰੇਜ਼ ਆਪਣੇ ਨੈਣਾਂ ਵਿੱਚੋਂ–
ਮਦਹੋਸ਼ੀ ਦਾ ਇੱਕ ਜਾਮ ਹੀ ਪਿਲਾ ਦੇਵੋ!
ਬਹੁਤ ਦਰਦ ਹੈ ਹੰਢਾਇਆ ਮੈਂ ਹਿਜਰ ਵਿੱਚ–
ਹੁਣ ਤਾਂ ਵਸਲ ਦੇ ਹਸੀਨ ਲਮਹੇ ਲਿਆ ਦੇਵੋ!





Academy of the Punjab in North America: http://www.apnaorg.com

# ਗ਼ਜ਼ਲ – ਅਜੀਬ ਰਾਤ

ਮੇਰੇ ਜੀਵਨ ਦੀ ਅਜੀਬ ਰਾਤ ਹੈ!
ਅੱਖਾਂ ਵਿੱਚ ਹੰਝੂਆਂ ਦੀ ਸੌਗਾਤ ਹੈ!
ਕੋਈ ਵੀ ਤਾਂ ਨਹੀਂ ਜੋ ਕੋਲ ਰਹਿ ਸਕੇ-
ਸਿਰਫ਼ ਜ਼ਿੱਦੀ ਜਿਹੀ ਤਨਹਾਈ ਹੀ ਸਾਥ ਹੈ!
ਦਰਦ ਦੀ ਇੰਤਹਾ ਹੈ ਹੰਦੀ ਜਾ ਰਹੀ-
ਫੇਰ ਵੀ ਲਬਾਂ ਤੇ ਕਿਓਂ ਦਰਦ ਦੀ ਬਾਤ ਹੈ!
ਫ਼ੁਰਸਤ ਦੇ ਪਲ ਵੀ ਸੋਚਾਂ 'ਚ ਗੁਜ਼ਰ ਰਹੇ-
ਬੜਾ ਹੀ ਉਲਝਣ ਭਰਿਆ ਇਹ ਹਾਲਾਤ ਹੈ!





Academy of the Punjab in North America: http://www.apnaorg.com

# ਗ਼ਜ਼ਲ – ਤੇਰੀ ਮੁਸਕਰਾਹਟ

ਤੇਰੀ ਕਾਤਿਲ ਮੁਸਕਰਾਹਟ ਨੂੰ ਯਾਦ ਕਰਦੇ ਹਾਂ!
ਜੋ ਕਦੇ ਨਾ ਹੋਈ ਉਸ ਆਹਟ ਨੂੰ ਯਾਦ ਕਰਦੇ ਹਾਂ!
ਯਾਦ ਕਰਦੇ ਹਾਂ ਤੇਰੇ ਖੁੱਲ੍ਹੇ ਹੋਏ ਗਿੱਲੇ ਵਾਲਾਂ ਨੂੰ –
ਉਹਨਾਂ 'ਚੋਂ ਹੁੰਦੀ ਟਿਪਟਿਪਾਹਟ ਨੂੰ ਯਾਦ ਕਰਦੇ ਹਾਂ!
ਉਹ ਨੂਰੀ ਚਿਹਰਾ ਤੇ ਉਹ ਝੁਕੀਆਂ ਹੋਈਆਂ ਪਲਕਾਂ –
ਤੇਰੀਆਂ ਅੱਖਾਂ ਦੀ ਨਿਲਾਹਟ ਨੂੰ ਯਾਦ ਕਰਦੇ ਹਾਂ!
ਤੇਰਾ ਬੇਪਰਵਾਹ ਜਿਹੀ ਤੋਰ ਦੇ ਨਾਲ਼ ਤੁਰਨਾ –
ਉਸ ਨਾਲ਼ ਹਵਾ 'ਚ ਹੁੰਦੀ ਸਰਸਰਾਹਟ ਨੂੰ ਯਾਦ ਕਰਦੇ ਹਾਂ!
ਤੇਰੇ ਨਾਲ਼ ਮਿਲਣ ਦੀ ਘੜੀ ਨੂੰ ਯਾਦ ਕਰਦੇ ਹਾਂ–
ਤੇ ਆਪਣੇ ਦਿਲ ਦੀ ਘਬਰਾਹਟ ਨੂੰ ਯਾਦ ਕਰਦੇ ਹਾਂ!





Academy of the Punjab in North America: http://www.apnaorg.com

# ਪਹਿਚਾਣ

ਇਸ ਦਿਲ ਵਿੱਚ ਇੱਕ ਵਾਰ ਨਜ਼ਰ ਉਤਾਰ ਕੇ ਦੇਖੋ -
ਸਾਰੇ ਜਹਾਨ ਦਾ ਪਿਆਰ ਇਸ ਵਿੱਚ ਪਾਓਗੇ!
ਬਾਹਰੋਂ ਜੋ ਅਜੀਬ ਜਿਹਾ ਦਿਖਦਾ ਹੈ-
ਅੰਦਰੋਂ ਉਸਨੂੰ ਇੱਕ ਖੂਬਸੂਰਤ ਇਨਸਾਨ ਪਾਓਗੇ!
ਇੰਝ ਨਹੀਂ ਆਦਮੀ ਪਹਿਚਾਣੇ ਜਾਂਦੇ -
ਇੰਝ ਹੀ ਨਹੀਂ ਕੋਈ ਅਹਿਸਾਸ ਹੁੰਦਾ -
ਇੱਕ ਵਾਰ ਮੈਨੂੰ ਸੁਣੋਗੇ ਤੇ ਆਪਣੀ ਸੁਣਾਓਗੇ -
ਤਾਂ ਆਪਣੇ ਦਿਲ 'ਚ ਕੁੱਝ ਧੜਕਦਾ ਪਾਓਗੇ!





Academy of the Punjab in North America: http://www.apnaorg.com

# ਗ਼ਜ਼ਲ – ਬਹੁਤ ਤਰਸਦੇ ਹਾਂ

ਬਹੁਤ ਤਰਸਦੇ ਹਾਂ ਅਸੀਂ ਤੇਰੇ ਪਿਆਰ ਵਾਸਤੇ!
ਪੂਨਮ ਦੇ ਚੰਨ ਜਿਹੇ ਤੇਰੇ ਦੀਦਾਰ ਵਾਸਤੇ!
ਅਸੀਂ ਜੋ ਇੱਕਲੇ ਰਹਿ ਗਏ ਹਾਂ ਇਸ ਜਹਾਨ ਵਿੱਚ-
ਇੱਕ ਆਸ਼ਨਾ ਹਾਂ ਭਾਲਦੇ ਇਕਰਾਰ ਵਾਸਤੇ!
ਹਮਨਸ਼ੀਂ ਦੀ ਜੁਸਤਜੂ 'ਚ ਭਟਕਦੇ ਹਾਂ ਫਿਰ ਰਹੇ-
ਤੇਰੇ ਦਰ ਤੇ ਆ ਗਏ ਹਾਂ ਇਖ਼ਤਿਆਰ ਵਾਸਤੇ!
ਕੋਈ ਵੀ ਹਸਰਤ ਅਸਾਡੀ ਪੂਰੀ ਨਹੀਂ ਹੋਈ-
ਕਰਾਰ ਚਾਹੁੰਦੇ ਹਾਂ ਇਸ ਦਿਲ ਬੇਕਰਾਰ ਵਾਸਤੇ!





Academy of the Punjab in North America: http://www.apnaorg.com

## ਗ਼ਜ਼ਲ - ਦਰਦ

ਦਰਦ ਸਾਡੇ ਹੱਡਾਂ 'ਚ ਹੈ ਸਮਾ ਗਿਆ।
ਰੂਹ ਦੇ ਹਰ ਕਤਰੇ ਤੇ ਹੈ ਛਾ ਗਿਆ।
ਖ਼ੁਸ਼ੀ ਆਉਂਦੀ ਵੀ ਹੈ ਤਾਂ ਪ੍ਰਾਹੁਣੀ ਬਣਕੇ-
ਦਰਦ ਬਿਨ-ਬੁਲਾਇਆ ਮਹਿਮਾਨ ਬਣਕੇ ਆ ਗਿਆ।
ਹੁਣ ਤਾਂ ਦਰਦ ਦੀ ਆਦਤ ਜਿਹੀ ਹੋ ਗਈ ਹੈ-
ਇੱਕ ਨਸ਼ਾ ਬਣ ਇਹ ਸਾਡੇ ਉੱਪਰ ਛਾ ਗਿਆ।
ਸਮਾਂ ਬਦਲਣ ਤੇ ਵੀ ਇਹ ਫਿੱਕਾ ਨਾ ਹੋਇਆ-
ਸਗੋਂ ਹੋਰ ਗੂੜ੍ਹਾ ਬਣਕੇ ਸਾਹਵੇਂ ਆ ਗਿਆ।





Academy of the Punjab in North America: http://www.apnaorg.com

## ਗ਼ਜ਼ਲ – ਖ਼ੁਮਾਰ

ਅੱਖਾਂ ਦੇ ਵਿੱਚ ਖ਼ੁਮਾਰ ਜਿਹਾ ਕਿਓਂ ਹੈ?
ਇਹ ਦਿਲ ਸਾਡਾ ਬੇਕਰਾਰ ਜਿਹਾ ਕਿਓਂ ਹੈ?
ਉਸਦੇ ਆਓਣ ਦੀ ਨਹੀਂ ਕੋਈ ਉਮੀਦ –
ਫਿਰ ਵੀ ਉਸਦਾ ਇੰਤਜ਼ਾਰ ਜਿਹਾ ਕਿਓਂ ਹੈ?
ਤੇਰੇ ਵਾਅਦੇ ਤੇ ਨਹੀਂ ਭਰੋਸਾ ਮੈਨੂੰ –
ਤੇਰੇ ਲਾਰੇ ਦਾ ਇਤਬਾਰ ਜਿਹਾ ਕਿਓਂ ਹੈ?
ਇਹ ਸੱਚ ਹੈ ਕਿ ਹਸੀਨ ਸਵੇਰ ਆਏਗੀ –
ਪਰ ਫ਼ਲਕ 'ਤੇ ਇਹ ਗ਼ੁਬਾਰ ਜਿਹਾ ਕਿਓਂ ਹੈ?





Academy of the Punjab in North America: http://www.apnaorg.com

# ਟੱਪੇ - ਕੋਇਲ ਬਾਗ਼ਾਂ ਵਿੱਚ ਗਾਉਂਦੀ ਏ!

ਕੋਇਲ ਬਾਗ਼ਾਂ ਵਿੱਚ ਗਾਉਂਦੀ ਏ!
ਛੇਤੀਂ ਦੇਣੀ ਆ ਜਾ ਸੋਹਣਿਆ -
ਤੇਰੀ ਯਾਦ ਸਤਾਉਂਦੀ ਏ!

ਸਮਾਂ ਇਥੇ ਹੀ ਖਲੋ ਜਾਵੇ!
ਇਹ ਪਲ ਨਾ ਬੀਤਣ -
ਢੋਲਾ ਸਾਡਾ ਹੀ ਹੋ ਜਾਵੇ!

ਕੋਈ ਪਾਣੀ ਵਿੱਚ ਫੁੱਲ ਤਰਦਾ!
ਮਾਹੀ ਪਰਦੇਸ ਗਿਆ -
ਸਾਡਾ ਮਿਲਣੇ ਨੂੰ ਦਿਲ ਕਰਦਾ!

ਪਾਣੀ ਪੰਜ ਦਰਿਆਵਾਂ ਦੇ!
ਪੁੱਤ ਪਰਦੇਸ ਗਏ -
ਧੰਨ ਜਿਗਰੇ ਮਾਵਾਂ ਦੇ!

ਨੀਲੇ ਗਗਨਾਂ ਦੀ ਥਾਹ ਕੋਈ ਨਾ!
ਪਲ ਵਿੱਚ ਮੁੱਕ ਜਾਣੀ -
ਇਸ ਜਿੰਦ ਦਾ ਵਸਾਹ ਕੋਈ ਨਾ!





Academy of the Punjab in North America: http://www.apnaorg.com

## .ਗਜ਼ਲ - ਤੇਰੇ ਵਗੈਰ

ਤੇਰੇ ਵਗੈਰ ਜੀਣਾ ਹੁਣ ਬਹੁਤ ਮੁਸ਼ਕਿਲ ਹੈ।
ਇਹ ਦਿਲ ਅੱਜ-ਕੱਲ੍ਹ ਬਹੁਤ ਹੀ ਬੇਕਲ ਹੈ।
ਜਦ ਤੂੰ ਕੋਲ ਹੁੰਦੀ ਏਂ ਤਾਂ ਦਿਲ ਸ਼ਾਦ ਹੈ ਹੁੰਦਾ -
ਜਦ ਤੂੰ ਦੂਰ ਹੁੰਦੀ ਏਂ ਤਾਂ ਤੜਪਦਾ ਪਲ ਪਲ ਹੈ।
ਪਹਿਲਾਂ ਵੀ ਬਿਕੋਲਿੜ੍ਹੇ ਖ਼ਿਆਲ ਆਂਉਦੇ ਸੀ -
ਪਰ ਹੁਣ ਦਿਲੋ-ਦਿਮਾਗ਼ 'ਤੇ ਅਜਬ ਹਲਚਲ ਹੈ।





Academy of the Punjab in North America: http://www.apnaorg.com

## ਗ਼ਜ਼ਲ - ਤਣਾਅ

ਮਨ-ਮਸਤਿਕ ਵਿੱਚ ਇੱਕ ਤਣਾਅ ਜਿਹਾ ਹੈ !
ਦਿਲ ਨੇ ਦਿਮਾਗ਼ ਨੂੰ ਇਹ ਕੀ ਕਿਹਾ ਹੈ ?
ਜੀਵਨ ਦੇ ਇਸ ਮੋੜ ਤੇ ਤੂੰ ਬੇਚੈਨ ਕਿਓਂ ਏਂ -
ਕੌਣ ਇਹ ਸਵਾਲ ਮੈਨੂੰ ਕਹਿ ਰਿਹਾ ਹੈ ?
ਬੇਕਰਾਰੀ ਦਾ ਆਲਮ ਹੈ ਮੇਰੇ ਹਰ ਤਰਫ਼ -
ਇੱਕ ਟੀਸ ਬਣ ਕੇ ਜਿਸਮ ਵਿੱਚ ਵਹਿ ਰਿਹਾ ਹੈ !
ਇੱਕ ਆਸ ਦੀ ਸੋਚ ਹੀ ਰਾਹਤ ਹੈ ਦਿੰਦੀ -
ਜਿਸਦੇ ਵਾਸਤੇ ਇਹ ਦਿਲ ਸਹਿਕ ਰਿਹਾ ਹੈ !





Academy of the Punjab in North America: http://www.apnaorg.com

# ਹਿਜਰ ਦੇ ਪਲ

ਇੱਕ ਉਹ ਵੀ ਸ਼ਾਮ ਸੀ –
ਜਦ ਤੂੰ ਮੇਰੇ ਕੋਲ ਸੀ।
ਇੱਕ ਇਹ ਵੀ ਸ਼ਾਮ ਹੈ –
ਜਦ ਤੂੰ ਮੈਥੋਂ ਦੂਰ ਏਂ।
ਦਿਲ ਵਿੱਚ ਮੇਰੇ
ਹੈ ਇੱਕ ਕਸਕ ਜਿਹੀ –
ਪਰ ਅੱਖਾਂ ਵਿੱਚ
ਬੀਤੇ ਪਲਾਂ ਦਾ ਸਰੂਰ ਏ।
ਜਿਹੜੇ ਪਲ ਤੇਰੇ ਨਾਲ਼ ਬੀਤੇ –
ਉਹ ਪਲ ਬੜੇ ਮਦਹੋਸ਼ ਸਨ।
ਪਰ ਓਹੀ ਪਲ ਹੁਣ
ਹਿਜਰ 'ਚ ਬੜੇ ਖ਼ਾਮੋਸ਼ ਹਨ।
ਮੈਂ ਘਰ ਦੀਆਂ ਦੀਵਾਰਾਂ 'ਤੇ
ਬੀਤੇ ਪਲਾਂ ਦੀ ਤਸਵੀਰ ਹਾਂ ਵੇਖ ਰਿਹਾ।
ਇਹਨਾਂ ਖ਼ਾਮੋਸ਼ ਪਲਾਂ 'ਚੋਂ
ਕੁੱਝ ਬੋਲ ਚੁਰਾ ਕੇ ਹਾਂ ਲਿਖ ਰਿਹਾ।





Academy of the Punjab in North America: http://www.apnaorg.com

# ਗ਼ਜ਼ਲ - ਤੂੰ

ਮੇਰੀ ਜ਼ਿੰਦਗੀ 'ਚ ਤੂੰ ਬਹਾਰ ਦੇ ਵਾਂਗ ਏ।
ਦਰਦ ਭਰੇ ਦਿਲ ਨੂੰ ਇੱਕ ਕਰਾਰ ਦੇ ਵਾਂਗ ਏ।
ਤੇਰੇ ਸਾਥ ਨਾਲ਼ ਜੀਵਨ ਦੇ ਰਾਹ ਰੌਸ਼ਨ ਨੇ-
ਤੇਰੇ ਵਗੈਰ ਜ਼ਿੰਦਗੀ ਬੇਕਾਰ ਦੇ ਵਾਂਗ ਏ।
ਤੂੰ ਮਿਲੀ ਤਾਂ ਪਿਆਰ ਦਾ ਅਹਿਸਾਸ ਹੋਇਆ -
ਜੀਵਨ ਜੋ ਦਸ਼ਤ ਸੀ ਹੁਣ ਦਿਆਰ ਦੇ ਵਾਂਗ ਏ!
ਵਸਲ ਤੋਂ ਬਾਅਦ ਹਿਜਰ ਬਹੁਤ ਹੈ ਚੁਭਦਾ -
ਤੇਰੇ ਵਗੈਰ ਹੁਣ ਫੁੱਲ ਵੀ ਖ਼ਾਰ ਦੇ ਵਾਂਗ ਏ।





Academy of the Punjab in North America: http://www.apnaorg.com

# ਗੀਤ - ਪਰਦੇਸ

ਪਰਦੇਸ ਨੂੰ ਅਸੀਂ ਦੇਸ ਬਣਾਈ ਬੈਠੇ ਹਾਂ।
ਇਹ ਕਿਹੋ ਜਿਹਾ ਵੇਸ ਬਣਾਈ ਬੈਠੇ ਹਾਂ।

ਸੱਤ ਸਮੁੰਦਰ ਪਾਰ ਵੀ ਕਰ ਲਏ
ਸੋਚਾਂ ਦੇ ਦਰਿਆ ਵੀ ਤਰ ਲਏ
ਹੰਝੂਆਂ ਦੇ ਕੱਝ ਹੌਕੇ ਭਰ ਲਏ
ਫਿਰ ਵੀ ਦਿਲ ਵਿੱਚ ਯਾਦ ਸਮਾਈ ਬੈਠੇ ਹਾਂ।

ਹਿਜਰਾਂ ਦੇ ਉਹ ਬੋਝਿਲ ਪਲ
ਜੋ ਬੀਤੇ ਸੀ ਗੁਜ਼ਰੇ ਕੱਲ੍ਹ
ਦਿਲ ਦੇ ਵਿੱਚ ਮਚਾਵਣ ਹਲਚਲ
ਕਿਸ ਨੂੰ ਦਿਲ ਦਾ ਹਾਲ ਸੁਣਾਈ ਬੈਠੇ ਹਾਂ।

ਹੁਣ ਤਾਂ ਲਗਦਾ ਆਪਣਾ ਜਿਹਾ
ਪਰਦੇਸ ਵੀ ਲਗਦਾ ਦੇਸ ਜਿਹਾ
ਕੁੱਝ ਵੀ ਨਹੀਂ ਤਾਂ ਇਸਨੇ ਕਿਹਾ
ਫਿਰ ਵੀ ਕਿਓਂ ਇਹ ਹਾਲ ਬਣਾਈ ਬੈਠੇ ਹਾਂ।





Academy of the Punjab in North America: http://www.apnaorg.com

# ਵਿਦੇਸ਼

ਜਦੋਂ ਦੇਸ ਵਿੱਚ ਸੀ ਤਾਂ ਵਿਦੇਸ਼ ਦਾ ਨਕਸ਼ਾ ਦੇਖ ਕੇ
ਦਿਲ ਵਿੱਚ ਇੱਕ ਰੁਮਾਂਚ ਜਿਹਾ ਉੱਠਦਾ ਸੀ ...
ਹੁਣ ਵਿਦੇਸ਼ ਹਾਂ ਤਾਂ ਦੇਸ ਦਾ ਨਕਸ਼ਾ ਦੇਖ ਕੇ
ਦਿਲ ਵਿੱਚ ਇੱਕ ਕਸਕ ਜਿਹੀ ਉੱਠਦੀ ਹੈ ...
ਜਦੋਂ ਦੇਸ਼ ਛੱਡਿਆ ਸੀ ਤਾਂ ਪਤਾ ਨਹੀਂ ਸੀ ਕਿ
ਇੰਝ ਵੀ ਮਹਿਸੂਸ ਹੋਵੇਗਾ !
ਪਰਦੇਸ ਵਿੱਚ ਰਹਿੰਦਿਆਂ ਦੇਸ ਲਈ
ਦਿਲ ਵਾਰ ਵਾਰ ਰੋਵੇਗਾ !
ਦੇਸ ਵਿੱਚ ਰੁੱਖੀ-ਸੁੱਖੀ ਖਾ ਕੇ ਵੀ ਖੁਸ਼ ਸੀ !
ਪਰਦੇਸ ਵਿੱਚ ਚੋਪੜੀ ਖਾ ਕੇ ਵੀ ਖੁਸ਼ ਨਹੀਂ !
ਦਿਲ ਦੀ ਹਰ ਧੜਕਣ ਇਹ ਕਹਿ ਰਹੀ
ਕਿ ਕਾਸ਼ ਦੇਸ ਨੂੰ ਮੁੜ ਸਕਦੇ
ਪਰ ਇਹੋ ਜਿਹੇ ਬੰਧਨ ਪੈ ਗਏ ਨੇ
ਕਿ ਚਾਹੁੰਦਿਆਂ ਵੀ ਨਹੀਂ ਮੁੜ ਸਕਦੇ ...






Academy of the Punjab in North America: http://www.apnaorg.com

# ਯੁੱਧ

ਯੁੱਧ ਜੋ ਤਬਾਹੀ ਤੇ ਮੌਤ ਲਿਆਓਂਦਾ ਹੈ
ਤੁਸੀਂ ਉਸਦਾ ਵਿਓਪਾਰ ਕਿਓਂ ਕਰਦੇ ਹੋ?
ਮਾਸੂਮ ਜਿਹੀ ਇਸ ਧਰਤ ਉੱਤੇ -
ਇਹ ਅਤਿਆਚਾਰ ਕਿਓ ਕਰਦੇ ਹੋ?

ਪਰਮਾਣੂ ਹਥਿਆਰ, ਮਿਜ਼ਾਈਲਾਂ ਅਤੇ
ਬਾਰੂਦ ਦੇ ਦਹਿਕਦੇ ਹੋਏ ਗੋਲੇ ...
ਇਹਨਾਂ ਅਗਨ ਹਥਿਆਰਾਂ ਦਾ
ਭਖਦਾ ਹੋਇਆ ਪ੍ਰਚਾਰ ਕਿਓਂ ਕਰਦੇ ਹੋ?

ਬੱਚਿਆਂ ਦੇ ਨਾਲ਼ ਜਦੋਂ ਮਾਵਾਂ ਵੀ
ਡਰਕੇ ਲੁਕ ਜਾਂਦੀਆਂ ਨੇ -
ਉਹਨਾਂ ਵਿਸਫੋਟਕ ਅਵਾਜ਼ਾਂ ਦਾ
ਡਰਾਉਣਾ ਸੰਚਾਰ ਕਿਓਂ ਕਰਦੇ ਹੋ?





Academy of the Punjab in North America: http://www.apnaorg.com

# ਅਮਨ ਦੇ ਬੱਦਲ

ਜਦੋਂ ਸਾਰੇ ਫ਼ੌਜੀ ਆਪਣੇ ਘਰ ਵਾਪਿਸ ਆਉਣਗੇ
ਉਦੋਂ ਸੰਸਾਰ 'ਤੇ ਅਮਨ ਦੇ ਬੱਦਲ ਛਾਉਣਗੇ !
ਇਹ ਜੋ ਜੰਗ ਦਾ ਤੂਫ਼ਾਨ ਹੈ ਆ ਰਿਹਾ -
ਮਾਨਵਤਾ ਨੂੰ ਅੰਦਰੋਂ ਅੰਦਰ ਖਾ ਰਿਹਾ !
ਇਹ ਕਦੋਂ ਫਿਰ ਸਦਾ ਲਈ ਖਤਮ ਹੋਏਗਾ ?
ਕਦੋਂ ਨਿੰਮ੍ਹੀ ਫੁਹਾਰ ਦਾ ਮੌਸਮ ਹੋਏਗਾ ?
ਕਦੋਂ ਮਾਵਾਂ ਦੀਆਂ ਅੱਖਾਂ 'ਚ ਹੰਝੂ ਨਾ ਹੋਣਗੇ ?
ਕਦੋਂ ਫਿਰ ਬੱਚੇ ਡਰ ਕੇ ਗਲੇ ਲੱਗ ਨਾ ਰੋਣਗੇ ?





Academy of the Punjab in North America: http://www.apnaorg.com

# ਗ਼ਜ਼ਲ – ਇੱਕ ਹੋਰ ਹਰੀ ਕ੍ਰਾਂਤੀ

ਆਓ ਇੱਕ ਹੋਰ ਹਰੀ ਕ੍ਰਾਂਤੀ ਲਿਆਈਏ ।
ਬੰਜਰ ਹੁੰਦੀ ਧਰਤੀ ਨੂੰ ਸਵਰਗ ਬਣਾਈਏ ।
ਹਰ ਤਰਫ਼ ਖਿੱਲਰਿਆ ਹੋਇਆ ਕੂੜਾ ਤੇ ਕਰਕਟ –
ਆਓ ਇਸਨੂੰ ਚੁਗ ਕੇ ਕੁੱਝ ਫੁੱਲ ਲਗਾਈਏ ।
ਸੜਕਾਂ ਤੇ ਛਾਇਆ ਜੋ ਪ੍ਰਦੂਸ਼ਣ ਦਾ ਗ਼ੁਬਾਰ –
ਆਓ ਇਸ ਗ਼ੁਬਾਰ ਨੂੰ ਖ਼ਿਤਿਜ ਤੋਂ ਹਟਾਈਏ ।
ਹਰ ਤਰਫ਼ ਹਰਿਆਲੀ ਦਾ ਹਰਿਆ ਮੌਸਮ ਲਿਆ ਕੇ –
ਬੱਚਿਆਂ ਲਈ ਸੁੰਦਰ ਵਾਤਾਵਰਣ ਬਣਾਈਏ ।






Academy of the Punjab in North America: http://www.apnaorg.com

# ਆਓ ਕੁੱਝ ਕਰੀਏ

ਆਓ ਸੋਚੀਏ ਤੇ ਕੁੱਝ ਕਰੀਏ।
ਧਰਤੀ ਨੂੰ ਹਰਾ ਭਰਾ ਕਰੀਏ।
ਹਰ ਪਾਸੇ ਲਾ ਕੇ ਫੁੱਲ ਤੇ ਬੂਟੇ-
ਇਸ ਬਾਗ਼ ਨੂੰ ਹੋਰ ਭਰੀਏ।
ਪ੍ਰਦੂਸ਼ਣ ਦਾ ਫੈਲਿਆ ਗ਼ੁਬਾਰ-
ਆਓ ਹੁਣ ਅਸੀਂ ਨਾ ਜਰੀਏ।
ਮੁੜ ਕਿਤੇ ਦੇਰ ਹੀ ਨਾ ਹੋ ਜਾਏ-
ਆਓ ਹੁਣ ਕੋਈ ਚਾਰਾ ਕਰੀਏ।





Academy of the Punjab in North America: http://www.apnaorg.com

# ਬਾਰਾਂਮਾਹ

ਜਨਵਰੀ ਮਹੀਨਾ ਆਇਆ, ਨਵਾਂ ਸਾਲ ਮੁਬਾਰਿਕ ਹੋਵੇ।
ਠੰਡੀਆਂ ਸਰਦ ਰਾਤਾਂ 'ਚ, ਕੋਈ ਇਕੱਲਾ ਨਾ ਸੋਵੇ।

ਫਰਵਰੀ ਮਹੀਨਾ ਆਇਆ, ਨਿੰਮ੍ਹੀ ਨਿੰਮ੍ਹੀ ਫ਼ੁਹਾਰ ਵਗੀ।
ਮਾਹੀ ਨੂੰ ਮਿਲਣ ਦੀ ਤਾਂਘ ਸਾਡੇ ਦਿਲੀਂ ਜਗੀ।

ਮਾਰਚ ਮਹੀਨਾ ਆਇਆ, ਰੁੱਖਾਂ ਤੇ ਨਵੇਂ ਪੱਤਰ ਆਏ
ਪਰ ਤੇਰੇ ਵਗੈਰ ਮਾਹੀ ਵੇ, ਸਾਨੂੰ ਇਹ ਮੌਸਮ ਨਾ ਭਾਏ।

ਅਪ੍ਰੈਲ ਮਹੀਨਾ ਆਇਆ, ਕਣਕਾਂ ਪੱਕੀਆਂ ਵੇ।
ਤੇਰੇ ਬਿਨਾ ਮੈਂ ਪਲ ਵੀ ਰਹਿ ਨਾ ਸੱਕੀਆਂ ਵੇ।

ਮਈ ਮਹੀਨਾ ਆਇਆ, ਬਾਗ਼ਾਂ 'ਚ ਨਵੇਂ ਫੁੱਲ ਖਿੜੇ।
ਤੇਰੇ ਆਉਣ ਦਾ ਚਾਅ ਸਾਨੂੰ ਨਿੱਤ ਨਿੱਤ ਚੜ੍ਹੇ।

ਜੂਨ ਦਾ  ਮਹੀਨਾ, ਕਹਿਰ ਦੀ ਲੂ ਵੱਗੇ।
ਬਿਰਹਾ ਦੀ ਤਪਦੀ ਰੇਤ, ਸਾਡੇ ਬਦਨ ਤੇ ਲੱਗੇ।

****



Academy of the Punjab in North America: http://www.apnaorg.com

ਜੁਲਾਈ ਮਹੀਨਾ ਆਇਆ, ਸਿੱਲ੍ਹਾ ਸਿੱਲ੍ਹਾ ਮੌਸਮ ਹੈ।
ਬਿਰਹਾ ਦੀ ਸਿੱਲ੍ਹੀ ਰਾਤ ਤੇ ਅੱਖਾਂ ਦੇ ਵਿੱਚ ਗ਼ਮ ਹੈ।


ਅਗਸਤ ਮਹੀਨਾ ਆਇਆ, ਸਾਵਣ ਦੀਆਂ ਘਟਾਵਾਂ ਚੜ੍ਹੀਆਂ।
ਮਾਹੀ ਦੀਆਂ ਯਾਦਾਂ ਸਾਡੇ ਦਿਲਾਂ 'ਚ ਆ ਵੜੀਆਂ।

ਸਿਤੰਬਰ ਮਹੀਨਾ ਆਇਆ, ਮੌਸਮ ਬਦਲ ਰਿਹਾ।
ਪਰ ਸਾਡੇ ਦਿਲ ਦਾ ਹਾਲ ਅਜੇ ਨਹੀਂ ਬਦਲ ਰਿਹਾ।

ਅਕਤੂਬਰ ਮਹੀਨਾ ਆਇਆ, ਰੁੱਖਾਂ ਤੇ ਪੱਤਝੜ ਛਾਈ।
ਸਾਡੇ ਦਿਲ ਦੀ ਸਿਸਕਦੀ ਕਲੀ ਵੀ ਹੌਲੀ ਹੌਲੀ ਕੁਮਲਾਈ।

ਨਵੰਬਰ ਮਹੀਨਾ ਆਇਆ, ਹਰ ਡਗਰ ਮੇਲੇ ਨੇ।
ਪਰ ਤੇਰੇ ਬਿਨਾ ਇਸ ਦਿਲ ਦੇ ਪੰਛੀ ਅਕੇਲੇ ਨੇ।

ਦਿਸੰਬਰ ਮਹੀਨਾ ਆਇਆ, ਇੱਕ ਵਰ੍ਹਾ ਬੀਤ ਗਿਆ।
ਤੇਰੇ ਆਉਣ ਦੀ ਆਸ ਵਿੱਚ ਇਹ ਦਿਲ ਹੈ ਜੀ ਰਿਹਾ।





Academy of the Punjab in North America: http://www.apnaorg.com

# ਗ਼ਜ਼ਲ – ਜੀਵਨ ਦੀ ਇਹੀ ਮਰਿਆਦਾ

ਇਸ ਜੀਵਨ ਦੀ ਇਹੀ ਮਰਿਆਦਾ ਹੈ ।
ਸੁੱਖ ਥੋੜਾ ਘੱਟ ਤੇ ਦੁੱਖ ਜ਼ਿਆਦਾ ਹੈ ।
ਕੰਡਿਆਂ ਤੇ ਕਦੇ ਤੁਰਨਾ ਹੈ ਪੈਂਦਾ
ਇਸ਼ਕ ਦੀ ਖੇਡ ਦਾ ਇਹੀ ਕਾਇਦਾ ਹੈ ।
ਸਭ ਕੁਝ ਭੁੱਲ ਕੇ ਇਸ ਮੋੜ ਤੇ ਹਾਂ ਪੁੱਜਿਆ –
ਹੁਣ ਜ਼ਿੰਦਗੀ ਪੁੱਛਦੀ ਤੇਰਾ ਕੀ ਇਰਾਦਾ ਹੈ ?





Academy of the Punjab in North America: http://www.apnaorg.com

# ਗ਼ਜ਼ਲ - ਇੱਕ ਸਿਤਾਰਾ

ਹਰ ਕਿਸੇ ਲਈ ਇੱਥੇ ਇੱਕ ਸਿਤਾਰਾ ਹੈ ਹੁੰਦਾ !
ਇੱਕ ਸੋਹਣਾ ਜਿਹਾ ਮਿੱਤਰ ਪਿਆਰਾ ਹੈ ਹੁੰਦਾ !
ਟੁਰ ਜਾਂਦਾ ਹੈ ਉਹ ਸੱਜਣ ਫਿਰ ਦੂਰ ਕਿਤੇ
ਜੋ ਸਾਨੂੰ ਜਾਨ ਤੋਂ ਵੀ ਪਿਆਰਾ ਹੈ ਹੁੰਦਾ !
ਯਾਦਾਂ ਹੀ ਜੀਣ ਦਾ ਰਾਹ ਨੇ ਬਣਦੀਆਂ
ਸਿਰਫ਼ ਯਾਦਾਂ ਦਾ ਹੀ ਸਹਾਰਾ ਹੈ ਹੁੰਦਾ !





Academy of the Punjab in North America: http://www.apnaorg.com

# ਅਧੂਰਾ ਗੀਤ

ਕਾਲੀਆਂ ਘਟਾਵਾਂ ਘਿਰ ਘਿਰ ਆਈਆਂ !
ਫਿਰ ਮੁੜਕੇ ਯਾਦ ਆਈਆਂ ਵੇ ਚੰਨਾ -
ਤੇਰੀਆਂ ਬੇਪਰਵਾਹੀਆਂ !

ਲੰਘਦੇ ਨਹੀਂ ਬੋਝਿਲ ਜਿਹੇ ਦਿਨ
ਕੱਟਦੀਆਂ ਨਹੀਂ ਬੇਚੈਨ ਇਹ ਰਾਤਾਂ
ਰੋਜ਼ ਰੋ ਕੇ ਜਮ੍ਹਾਂ ਹਾਂ ਕਰਦੇ
ਗ਼ਮ ਦੀਆਂ ਭਿੱਜੀਆਂ ਇਹ ਸੌਗਾਤਾਂ !
ਹਾਏ! ਡਾਹਢੀਆਂ ਇਹ ਜੁਦਾਈਆਂ !

ਕਾਲੀਆਂ ਘਟਾਵਾਂ ਘਿਰ ਘਿਰ ਆਈਆਂ !
ਫਿਰ ਮੁੜਕੇ ਯਾਦ ਆਈਆਂ ਵੇ ਚੰਨਾ -
ਤੇਰੀਆਂ ਬੇਪਰਵਾਹੀਆਂ !





Academy of the Punjab in North America: http://www.apnaorg.com

# ਦਰਦਨਾਮਾ

ਜ਼ਿੰਦਗੀ ਵਿੱਚ ਦਰਦ ਤਾਂ ਕਦੋਂ ਦਾ ਸੀ,
ਪਰ ਦਰਦ ਦਾ ਅਸਲੀ ਅਹਿਸਾਸ ਹੁਣ ਹੋਇਆ।
ਪਹਿਲਾਂ ਤਾਂ ਅੱਖੀਆਂ ਰੋਂਦੀਆਂ ਸੀ,
ਹੁਣ ਤਾਂ ਸਾਡਾ ਦਿਲ ਸੁਬਕ ਸੁਬਕ ਰੋਇਆ।

ਕਦੇ ਕਦੇ ਸੋਚਦਾ ਹਾਂ ਕਿ ਇਹ ਦਰਦ ਕੀ ਹੈ?
ਪਰ ਪਤਾ ਨਹੀ ਚੱਲਦਾ ਇਹ ਕਿਹੜਾ ਜੀ ਹੈ?
ਇੱਕ ਖ਼ਿਆਲਾਂ ਦਾ ਅਜਬ ਜਿਹਾ ਸਾਗਰ ਹੈ।
ਹੰਝੂਆਂ ਦੀ ਉੱਛਲਦੀ ਹੋਈ ਗਾਗਰ ਹੈ।

ਜਦ ਉਹ ਗਾਗਰ ਭਰ ਹੈ ਜਾਂਦੀ,
ਫਿਰ ਅੱਖੀਆਂ 'ਚੋਂ ਹੰਝੂ ਛਲਕਦੇ ਨੇ।
ਦਿਲ ਨੂੰ ਥੋੜਾ ਸਕੂਨ ਹੈ ਮਿਲਦਾ,
ਜਦੋਂ ਦਿਲ ਦੇ ਵਲਵਲੇ ਬਾਹਰ ਵਗਦੇ ਨੇ।





Academy of the Punjab in North America: http://www.apnaorg.com

# ਕਦੇ ਕਦੇ

ਕਦੇ ਕਦੇ ਜ਼ਿੰਦਗੀ ਕਿਸ ਮੋੜ ਤੇ ਲੈ ਜਾਂਦੀ ਹੈ –
ਜਿੱਥੇ ਆਪਣਿਆਂ ਦਾ ਸਾਥ ਛੁੱਟ ਹੈ ਜਾਂਦਾ ...
ਇਸ ਤਰ੍ਹਾਂ ਕਿਓਂ ਹੈ ਹੁੰਦਾ ?
ਆਪਣੇ ਸਾਨੂੰ ਛੱਡ ਕੇ ਕਿਤੇ ਦੂਰ ਕਿਓਂ ਚਲੇ ਜਾਂਦੇ ਨੇ ?
ਆਪਣੇ ਪਿੱਛੇ ਯਾਦਾਂ ਦੇ ਅੰਬਾਰ ਛੱਡ ਜਾਂਦੇ ਨੇ !
ਫਿਰ ਉਹ ਯਾਦਾਂ ਹੀ ਬਹੁਤ ਤੜਪਾਉਂਦੀਆਂ ਨੇ
ਅੱਖਾਂ ਵਿੱਚੋਂ ਹੰਝੂਆਂ ਦਾ ਸੈਲਾਬ ਵਗਾਉਂਦੀਆਂ ਨੇ
ਇੱਕ ਰੁੱਗ ਜਿਹਾ ਦਿਲ ਵਿੱਚ ਫੁੱਟਦਾ ਹੈ –
ਇੱਕ ਤੜਪ ਦੀ ਲਹਿਰ ਜਿਹੀ ਬਦਨ 'ਚ ਫੈਲ ਹੈ ਜਾਂਦੀ ...
ਅਸੀਂ ਕੁੱਝ ਕਰ ਨਹੀਂ ਸਕਦੇ
ਅਫ਼ਸੋਸ ਕਿ ਮਰ ਨਹੀਂ ਸਕਦੇ !






Academy of the Punjab in North America: http://www.apnaorg.com

# ਤੁਰ ਜਾਣ ਵਾਲਿਆਂ ਦੇ ਨਾਂ

ੳ! ਰੱਹਸਮਈ ਰਾਹਾਂ ਦੇ ਰਾਹੀ!
ਸਾਡਾ ਸਲਾਮ ਲੈਂਦਾ ਜਾ।
ਓਸ ਨੂਰ ਦੇ ਪ੍ਰਕਾਸ਼ਪੁੰਜ ਲਈ
ਸਾਡਾ ਪੈਗ਼ਾਮ ਲੈਂਦਾ ਜਾ।
ਅਸੀਂ ਖ਼ਬਰੇ ਕਦੋਂ?
ਉਸ ਨੂਰ ਦੇ ਦਿਦਾਰ ਪਾਵਾਂਗੇ।
ਕਦੋਂ ਜੂਏ-ਸ਼ੀਰ ਦੇ
ਨਿਰਮਲ ਜਲ ਵਿੱਚ ਡੁਬਕੀ ਲਾਵਾਂਗੇ।






Academy of the Punjab in North America: http://www.apnaorg.com

# ਨਾ ਕੋਈ ਹਿੰਦੂ, ਨਾ ਮੁਸਲਮਾਨ

ਪੱਛਮ 'ਚੋਂ ਸੂਰਜ ਚੜ੍ਹਿਆ -
ਰਹਸਮਈ ਬੇਈਂ ਵਿੱਚੋਂ -
ਇੱਕ ਸਦਾ ਉੱਠੀ -
'ਨਾ ਕੋਈ ਹਿੰਦੂ, ਨਾ ਮੁਸਲਮਾਨ।'
ਇਸ ਵਿੱਚ ਕਿੰਨਾ ਸੱਚ ਤੇ ਕਿੰਨੀ ਜਾਨ !
ਜੇ ਸਭ ਕੋਈ ਇਸਨੂੰ ਸਮਝੇ ਤੇ ਜਾਣੇ
ਤਾਂ ਧਰਤੀ ਤੋਂ ਸਭ ਦੁੱਖ ਦਰਦ ਮਿਟ ਜਾਣ
ਨਾ ਕਿਤੇ ਮਜ਼ਹਬੀ ਦੰਗੇ ਹੋਣ
ਨਾ ਨਿਰਦੋਸ਼ਾਂ ਦੀਆਂ ਜਾਨਾਂ ਜਾਣ
ਬਾਬੇ ਨਾਨਕ ਦੇ ਸੁਪਨੇ ਫਿਰ ਸੱਚ ਹੋ ਜਾਣ !





Academy of the Punjab in North America: http://www.apnaorg.com

# ਸ਼ਬਦਾਵਲੀ

ਉਮਸਤਵਾਰ – ਦ੍ਰਿੜ੍ਹ
ਉਲਫ਼ਤ – ਪਿਆਰ
ਅਸਰਾਰ – ਭੇਤ,
ਅਹਦੇ-ਵਫ਼ਾ – ਪਿਆਰ ਨਿਭਾਉਣ ਦਾ ਵਾਅਦਾ
ਅਹਿਲੇ-ਦਿਲ – ਪ੍ਰੇਮੀ
ਆਸ਼ਨਾ – ਜਾਣਕਾਰ
ਅਜ਼ੀਮਤਰ – ਮਹਾਨਤਮ
ਅਫ਼ਸ਼ਾਂ – ਪ੍ਰਗਟ
ਅਬਰ – ਬੱਦਲ
ਅੰਜੁਮ – ਸਿਤਾਰਾ
ਅਯਾਨ – ਸਾਫ
ਇਸ਼ਰਤ – ਐਸ਼
ਇਖ਼ਤਿਆਰ – ਹਾਸਿਲ
ਇਜ਼ਤਰਾਬ – ਬੇਚੈਨ
ਸਾਇਲ – ਭਿਖਾਰੀ
ਸਹਬਾ – ਅੰਗੂਰੀ ਸ਼ਰਾਬ
ਸਹਰ – ਪ੍ਰਭਾਤ
ਸਦਫ਼ – ਸਿੱਪੀ
ਸਦਾਕਤ – ਸੱਚ
ਸਦਲਖ਼ਤ – ਸੌ ਟੁਕੜੇ
ਹਸ਼ਰ ਅਜ਼ਾਬ – ਕਿਆਮਤ ਦੇ ਦੁੱਖ
ਹਮਨਸ਼ੀਂ – ਪੱਥ-ਪ੍ਰਦਰਸ਼ਕ
ਹਿਜਰ – ਵਿਛੋੜਾ
ਹਿਜਾਬ – ਪੜਦਾ
ਹਮਨਵਾ – ਸਾਥੀ
ਹਬੀਬ – ਦੋਸਤ
ਹੇਤ – ਲਗਾ
ਕਹਿਕਸ਼ਾਂ – ਅਕਾਸ਼ਗੰਗਾ
ਕਫ਼ਸ – ਪਿੰਜਰਾ
ਕੈਫ਼ – ਚਮਕ
ਗਿਰਾਂ – ਬੋਝਿਲ
ਚਸ਼ਮ – ਅੱਖ
ਚਾਰਾਗ਼ਰ – ਵੈਦ



Academy of the Punjab in North America: http://www.apnaorg.com

ਜੂਏ-ਸ਼ੀਰ - ਦੁੱਧ ਦੀ ਨਦੀ
ਜੁਸਤਜੂ - ਤਲਾਸ਼
ਜਹਾਂਗੀਰ - ਵਿਸ਼ਵਵਿਆਪੀ
ਜਬੀਂ - ਮੱਥਾ
ਜਬੀਨੇ-ਸ਼ੌਕ - ਇਸ਼ਕ ਦਾ ਮੱਥਾ
ਪਰਸਤਾਰ - ਉਪਾਸਕ
ਪਾਰਾਵਾਰ - ਸਮੁੰਦਰ
ਪੈਰਹਨ - ਵਸਤਰ
ਪਸ਼ੇਮਾ - ਸ਼ਰਮਾਇਆ ਹੋਇਆ
ਬਸੀਰਤ - ਬੁੱਧੀ
ਬੋਸਤਾਂ - ਬਾਗ਼
ਬਰਕ - ਬਿਜਲੀ
ਬਜ਼ਮ - ਮਹਿਫ਼ਲ
ਮੁੰਤਜ਼ਿਰ - ਇੰਤਜ਼ਾਰ ਕਰਨ ਵਾਲਾ.
ਮੁਕੱਦਸ - ਪਾਕ
ਮੁਦਾਵਾ - ਇਲਾਜ
ਮਾਜ਼ੀ - ਅਤੀਤ
ਮੁਫ਼ਲਿਸ - ਗ਼ਰੀਬ
ਤਹਿਰੀਰ - ਲਿਖਾਵਟ
ਤਖ਼ਰੀਬ - ਤਬਾਹੀ
ਤਾਸੀਰ - ਫ਼ਲ
ਤਾਰੀਕ - ਕਾਲ਼ਾ, ਹਨੇਰਾ
ਤਬਸੁੱਮ - ਮੁਸਕਾਨ
ਦਸਤਗੀਰ - ਹੱਥ ਫੜਨ ਵਾਲਾ
ਦਸ਼ਤ - ਜੰਗਲ
ਦਿਆਰ - ਸ਼ਹਿਰ
ਦਿਲੇ-ਮੁਜ਼ਤਰ - ਆਤੁਰ-ਮਨ
ਨਜ਼ਹਤ - ਪਵਿਤਰਤਾ
ਨਕਹਤ - ਸੁਗੰਧ
ਰਵਾਂ - ਗਤੀਸ਼ੀਲ
ਰਕੀਬ - ਦੁਸ਼ਮਣ
ਸ਼ਾਦ - ਖ਼ੁਸ਼
ਸ਼ਾਦਾਬ - ਭਰਿਆ
ਸ਼ਿਕਸਤਾ - ਟੁੱਟਿਆ
ਸ਼ਾਲਾ - ਰੱਬ ਕਰੇ (ਲਹਿੰਦੀ ਬੋਲੀ)



Academy of the Punjab in North America: http://www.apnaorg.com

ਸ਼ਬ-ਕਦਰ - ਮਹਾਨ ਰਾਤ
ਸ਼ਫ਼ਕ - ਰੌਸ਼ਨੀ
ਖ਼ਲਿਸ਼ - ਵੇਦਨਾ
ਗ਼ਮਗੁਸਾਰ - ਸਹਾਨਭੂਤੀ-ਕਰਤਾ
ਗ਼ੁਬਾਰ - ਧੂੜ
ਗ਼ੁਲਜ਼ਾਰ - ਬਾਗ਼
ਜ਼ਲਜ਼ਲਾ - ਭੁਚਾਲ
ਫ਼ਲਕ - ਅਕਾਸ਼
ਫ਼ਰਾਜ਼ੇ-ਆਸਮਾਂ - ਉੱਚਾ ਅਕਾਸ਼
ਫ਼ੁਰਕਤ - ਜੁਦਾਈ
ਫ਼ੁਸੂਨ - ਜਾਦੂ



Academy of the Punjab in North America: http://www.apnaorg.com